# ਬਰੂਕਲਿਨ (Brooklyn)

**ਡਿਸਟ੍ਰਿਕਟ 33–48**

**ਅਗਾਊਂ ਵੋਟਿੰਗ**
28 ਅਕਤੂਬਰ–5 ਨਵੰਬਰ

**ਚੋਣ-ਦਿਵਸ**
7 ਨਵੰਬਰ

## 2023 nyc ਦੀਆਂ ਆਮ ਚੋਣਾਂ

# ਵੋਟਰ ਗਾਈਡ

**ਵੋਟਿੰਗ ਕਰਨਾ ਬਹੁਤ ਹੀ ਸਰਲ**
nycvotes.org/pa

NYC VOTES

ਨਿਊਯਾਰਕ ਸ਼ਹਿਰ ਦਾ ਕੈਂਪੇਨ ਫਾਇਨਾਂਸ ਬੋਰਡ ਦੀ ਇੱਕ ਪਹਿਲ

# 2023 NYC ਵੋਟਰ ਗਾਈਡ

ਤੁਹਾਨੂੰ ਇਹ ਵੋਟਰ ਗਾਈਡ ਮਿਲ ਰਹੀ ਹੈ, ਕਿਉਂਕਿ ਤੁਸੀਂ ਇੱਕ ਰਜਿਸਡਰਡ ਵੋਟਰ ਹੋ ਅਤੇ ਹੁਣੇ ਜਿਹੀ ਹੋਈ ਚੋਣ ਵਿੱਚ ਤੁਸੀਂ ਵੋਟ ਪਾਈ ਸੀ। ਆਪਣੀ ਡਿਸਟ੍ਰਿਕਟ ਲਈ ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ ਲਈ **punjabi.nycvotes.org/candidates** 'ਤੇ ਜਾਓ।

### ਮੈਂ ਵੋਟ ਕਦੋਂ ਪਾਵਾਂ?

- ਆਮ ਚੋਣ ਮੰਗਲਵਾਰ, 7 ਨਵੰਬਰ ਨੂੰ ਹੈ।
- ਤੁਸੀਂ ਸ਼ਨਿਚਰਵਾਰ, 28 ਅਕਤੂਬਰ ਤੋਂ ਐਤਵਾਰ, 5 ਨਵੰਬਰ ਤੱਕ ਅਗਾਊਂ ਵੋਟ ਪਾ ਸਕਦੇ ਹੋ। ਸੋਮਵਾਰ, 6 ਨਵੰਬਰਨੂੰ ਕੋਈ ਅਗਾਊਂ ਵੋਟਿੰਗ ਨਹੀਂ ਹੋਏਗੀ।

### ਮੈਂ ਕਿਸ ਲਈ ਵੋਟਿੰਗ ਕਰ ਰਿਹਾ/ਰਹੀ ਹਾਂ?

**ਦਫ਼ਤਰ**

- ਸਿਟੀ ਕੌਂਸਲ
- ਡਿਸਟ੍ਰਿਕਟ ਅਟਾਰਨੀ (ਬ੍ਰੌਂਕਸ (Bronx), ਕੁਈਨਸ (Queens), ਸਟੇਟਨ ਆਈਲੈਂਡ (Staten Island))
- ਸਟੇਟ ਸੁਪਰੀਮ ਅਦਾਲਤ ਦੇ ਜਸਟਿਸ (ਮੈਨਹਟਨ (Manhattan), ਬ੍ਰੌਂਕਸ, ਕੁਈਨਸ, ਬਰੁਕਲਿਨ (Brooklyn))
- ਸਿਵਿਲ ਅਦਾਲਤ ਦੇ ਜੱਜ
- ਸਰੋਗੇਟ ਦੀ ਅਦਾਲਤ (ਬਰੁਕਲਿਨ)
- ਤਜਵੀਜ਼ਾਂ ਵਾਲ਼ੀ ਵੋਟ-ਪਰਚੀ

ਤੁਸੀਂ ਕਿੱਥੇ ਰਹਿੰਦੇ ਹੋ, ਦੇ ਅਧਾਰ 'ਤੇ ਤੁਹਾਡੀ ਵੋਟ-ਪਰਚੀ 'ਤੇ ਦਫ਼ਤਰ ਅਲੱਗ ਹੋ ਸਕਦੇ ਹਨ। **vote.nyc/page/find-your-poll-site** 'ਤੇ ਆਪਣੀ ਵੋਟ-ਪਰਚੀ ਵੇਖੋ।

### ਚੋਣ ਦੀਆਂ ਤਾਰੀਖ਼ਾਂ ਅਤੇ ਅੰਤਮ-ਤਾਰੀਖ਼ਾਂ

| | |
|---|---|
| **23 ਅਕਤੂਬਰ** | ਗੈਰਹਾਜ਼ਰ ਬੈਲਟ ਬਾਰੇ ਬੇਨਤੀ ਦੀ ਅੰਤਮ-ਤਾਰੀਖ਼ (ਆੱਨਲਾਈਨ ਜਾਂ ਡਾਕ ਰਾਹੀਂ)<br>*ਜੇ ਤੁਸੀਂ ਗੈਰਹਾਜ਼ਰ ਬੈਲਟ ਬਾਰੇ ਬੇਨਤੀ ਫ਼ਾਰਮ ਡਾਕ ਰਾਹੀਂ ਭੇਜਦੇ ਹੋ, ਤਾਂ ਚੋਣ ਬੋਰਡ (Board of Elections) ਨੂੰ ਇਸ ਤਾਰੀਖ਼ ਤੱਕ ਜ਼ਰੂਰ ਮਿਲਣਾ ਚਾਹੀਦਾ ਹੈ। |
| **28 ਅਕਤੂਬਰ** | ਵੋਟਰ ਰਜਿਸਟ੍ਰੇਸ਼ਨ ਦੀ ਅੰਤਮ-ਤਾਰੀਖ਼<br>ਅਗਾਊਂ ਵੋਟਿੰਗ ਸ਼ੁਰੂ ਹੋਣੀ ਹੈ |
| **5 ਨਵੰਬਰ** | ਅਗਾਊਂ ਵੋਟਿੰਗ ਖ਼ਤਮ ਹੋਣੀ ਹੈ |
| **6 ਨਵੰਬਰ** | ਗੈਰਹਾਜ਼ਰ ਬੈਲਟ ਬਾਰੇ (ਚੋਣ ਬੋਰਡ ਦੇ ਦਫ਼ਤਰ ਵਿੱਚ ਆਪ ਆਕੇ) ਅੰਤਮ-ਤਾਰੀਖ਼ ਦੀ ਬੇਨਤੀ ਕੀਤੀ ਜਾ ਸਕਦੀ ਹੈ। |
| **7 ਨਵੰਬਰ** | ਆਮ ਚੋਣ ਦਿਹਾੜਾ<br>(ਸਵੇਰੇ 6:00 ਵਜੇ – ਸ਼ਾਮੀਂ 9:00 ਵਜੇ)<br>ਆਪਣੀ ਗੈਰਹਾਜ਼ਰ ਬੈਲਟ (ਵੋਟ-ਪਰਚੀ) 'ਤੇ ਪੋਸਟਮਾਰਕ ਜਾਂ ਵੋਟਾਂ ਪੈਣ ਦੀ ਥਾਂ 'ਤੇ ਇਸ ਨੂੰ ਪਾਉਣ ਦੀ ਅੰਤਮ ਤਾਰੀਖ਼ |

**nycvotes.org/pa** 'ਤੇ ਹੋਰ ਜਾਣੋ!

## ਵਿਸ਼ਾ-ਵਸਤੂ


3 ਵੋਟ ਕਿਵੇਂ ਪਾਓ
4 ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ
5 ਵੋਟਰ ਵਜੋਂ, ਮੇਰੇ ਕਿਹੜੇ ਹੱਕ ਹਨ?
6 ਪਹੁੰਚਯੋਗਤਾ
7 ਸੈਂਪਲ ਵੋਟ
8 ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?
9 ਸਿਟੀ ਕੌਂਸਲ ਬਾਰੇ
10 ਵੋਟ-ਪਰਚੀ 'ਤੇ ਉਮੀਦਵਾਰ
58 ਤਜਵੀਜ਼ਾਂ ਵਾਲੀ ਵੋਟ-ਪਰਚੀ
61 NYC Votes ਬਾਰੇ
62 ਅਕਸਰ ਪੁੱਛੇ ਜਾਣ ਵਾਲੇ ਸੁਆਲ
64 ਚੋਣ ਬੋਰਡ ਨਾਲ ਸੰਪਰਕ ਕਰੋ

# ਵੋਟ ਕਿਵੇਂ ਪਾਓ

## ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ:

**ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ ਦਾ ਪਤਾ ਲਾਓ:**

- **nycvotes.org/pa** 'ਤੇ ਜਾਓ
- NYC ਚੋਣ ਬੋਰਡ ਨੂੰ
  866-VOTE-NYC (866-868-3692)
  ਜਾਂ TTY 212-487- 5496 'ਤੇ ਕਾੱਲ ਕਰੋ।

## ਚੋਣ-ਦਿਵਸ

ਚੋਣ ਦਿਹਾੜੇ 'ਤੇ ਵੋਟਾਂ 7 ਨਵੰਬਰ ਨੂੰ ਸਵੇਰੇ 6:00 ਵਜੇ ਤੋਂ ਸ਼ਾਮੀਂ 9:00 ਵਜੇ ਤੱਕ ਪੈਣੀਆਂ ਹਨ। ਤੁਹਾਨੂੰ ਆਪਣੀ ਮਿੱਥੀ ਹੋਈ ਵੋਟਾਂ ਪੈਣ ਦੀ ਥਾਂ 'ਤੇ ਹੀ ਵੋਟ ਪਾਉਣੀ ਚਾਹੀਦੀ ਹੈ।

ਵੋਟਾਂ ਪੈਣ ਦੀ ਥਾਂ ਬਦਲ ਸਕਦੀਆਂ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਪਤਾ ਲਾਉਣਾ ਯਕੀਨੀ ਬਣਾਓ!

## ਅਗਾਊਂ ਵੋਟਿੰਗ

ਤੁਸੀਂ ਚੋਣ-ਦਿਵਸ ਤੋਂ ਪਹਿਲਾਂ ਆਪ ਜਾਕੇ ਅਗਾਊਂ ਵੋਟ ਪਾਓ ਸਕਦੇ ਹੋ!

**ਕੀ ਪਤਾ ਹੋਣਾ ਚਾਹੀਦਾ ਹੈ**

- ਤੁਹਾਡੀ ਅਗਾਊਂ ਵੋਟਿੰਗ ਦੀ ਥਾਂ ਨਿਰਧਾਰਿਤ ਹੈ, ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਚੋਣ-ਦਿਵਸ ਵਾਲੀ ਵੋਟਾਂ ਪੈਣ ਦੀ ਥਾਂ ਤੋਂ ਵੱਖਰੀ ਹੋ ਸਕਦੀ ਹੈ।
- ਰੋਜ਼ ਸਮੇਂ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਆਪਣੀ ਵੋਟਾਂ ਪੈਣ ਦੀ ਥਾਂ ਪੁਸ਼ਟੀ ਕਰਨਾ ਯਕੀਨੀ ਬਣਾਓ।

**ਅਗਾਊਂ ਵੋਟਿੰਗ ਦੀਆਂ ਤਾਰੀਖ਼ਾਂ**

ਸ਼ਨਿਚਰਵਾਰ, 28 ਅਕਤੂਬਰ ਤੋਂ ਐਤਵਾਰ, 5 ਨਵੰਬਰ ਤੱਕ।

## ਡਾਕ ਰਾਹੀਂ ਵੋਟ

ਜੇ ਤੁਹਾਡਾ ਕੋਈ ਜਾਇਜ਼ ਕਾਰਣ ਹੈ, ਜਿਵੇਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਦੂਰ ਹੋ ਜਾਂ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

ਆਪਣੀ ਵੋਟ-ਪਰਚੀ ਦੀ ਆੱਨਲਾਈਨ ਬੇਨਤੀ ਕਰਨ ਜਾਂ ਚੋਣ ਬੋਰਡ ਨੂੰ ਡਾਕ ਰਾਹੀਂ ਤੁਹਾਡੀ ਬੇਨਤੀ ਮਿਲਣ ਦੀ ਅੰਤਮ-ਤਾਰੀਖ਼ 23 ਅਕਤੂਬਰ ਹੈ।

ਜੇ ਤੁਹਾਡਾ ਡਾਕ ਰਾਹੀਂ ਵੋਟ ਪਾਉਣ ਦਾ ਪਲਾਨ ਹੈ, ਤਾਂ ਸਿਰਫ਼ ਗੈਰਹਾਜ਼ਰ ਬੈਲਟ ਦੀ ਬੇਨਤੀ ਕਰੋ। ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ।

**ਤੁਸੀਂ ਆਪਣੀ ਗੈਰਹਾਜ਼ਰ ਬੈਲਟ ਲਈ ਕਿਵੇਂ ਬੇਨਤੀ ਕਰੋ:**

- **nycabsentee.com** 'ਤੇ ਜਾਓ।
- ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ NYC ਚੋਣ ਬੋਰਡ (Board of Elections) ਨੂੰ
  866-VOTE-NYC (866-868-3692)
  ਜਾਂ TTY 212-487-5496 'ਤੇ ਕਾੱਲ ਕਰੋ।
- ਆਪਣੇ ਸਥਾਨਕ NYC ਚੋਣ ਬੋਰਡ ਵਿਖੇ ਜਾਓ ਦਫ਼ਤਰ। ਆਪ ਜਾਕੇ ਆਪਣੀ ਬੇਨਤੀ ਸਬਮਿਟ ਕਰਨ ਦੀ ਅੰਤਮ-ਤਾਰੀਖ਼ 6 ਨਵੰਬਰ ਹੈ।

**ਜੇ ਤੁਹਾਨੂੰ ਘੱਟ ਦਿਸਦਾ ਹੈ ਜਾਂ ਅਸਮਰੱਥਾ (ਅਪੰਗਤਾ) ਹੋ।**

ਸਕ੍ਰੀਨ ਰੀਡਰ ਰਾਹੀਂ ਆਪਣੀ ਵੋਟ-ਪਰਚੀ ਪੜ੍ਹਣ ਲਈ, ਤੁਸੀਂ **nycabsentee.com/accessibility** 'ਤੇ ਆੱਨਲਾਈਨ ਜਾਂ ਉਪਰ ਦਿੱਤੇ ਗਏ ਨੰਬਰ 'ਤੇ ਕਾੱਲ ਕਰਕੇ ਉਪਲਬਧ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

**ਆਪਣੀ ਵੋਟ-ਪਰਚੀ ਟ੍ਰੈਕ ਕਰਨੀ**

ਤੁਸੀਂ **nycabsentee.com/tracking** 'ਤੇ NYC ਚੋਣ ਬੋਰਡ ਤੋਂ ਆਪਣੀ ਵੋਟ-ਪਰਚੀ ਟ੍ਰੈਕ ਕਰ ਸਕਦੇ ਹੋ।

# ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ

## ਪਹੁੰਚਣ ਵੇਲੇ ਚੈਕ ਇਨ ਕਰੋ

ਜਦੋਂ ਤੁਸੀਂ ਅੰਦਰ ਜਾਂਦੇ ਹੋ, ਤਾਂ ਇੱਕ ਚੋਣ ਵਰਕਰ ਤੁਹਾਨੂੰ ਦਰਸਾਏਗਾ ਕਿ ਤੁਸੀਂ ਕਿੱਥੇ ਸਾਈਨ ਇਨ ਕਰਨਾ ਹੈ। ਉਹ ਤੁਹਾਡੇ ਬਾਰੇ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਵੇਖੇਗਾ ਅਤੇ ਤੁਹਾਨੂੰ ਵੋਟ-ਪਰਚੀ ਸੌਂਪਣ ਤੋਂ ਪਹਿਲਾਂ ਤੁਹਾਡੇ ਦਸਤਖ਼ਤ ਦੀ ਜਾਂਚ ਕਰੇਗਾ।

**ਸੁਝਾਅ: ਜੇ ਤੁਹਾਨੂੰ ਚੋਣ ਬੋਰਡ ਡਾਕ ਰਾਹੀਂ ਫ਼ਾਸਟ ਪਾਸ (Fast Pass) ਮਿਲਦਾ ਹੈ, ਤਾਂ ਤੇਜ਼ੀ ਨਾਲ ਚੈਕ ਇਨ ਕਰਨ ਲਈ ਇਸ ਨੂੰ ਆਪਣੇ ਨਾਲ ਲਿਆਓ!**

*ਵੋਟ ਪਾਉਣ ਲਈ ਤੁਹਾਨੂੰ ID ਵਿਖਾਉਣ ਦੀ ਲੋੜ ਨਹੀਂ ਹੈ, ਜਦ ਤੱਕ ਕਿ ਤੁਸੀਂ ਪਹਿਲੀ ਵਾਰੀ ਦਾ ਵੋਟਰ ਹੋ, ਜਿਸਨੇ ਵੋਟ ਪਾਉਣ ਲਈ ਰਜਿਸਟਰ ਕਰਨ ਵੇਲੇ DMV ਜਾਂ ਸੋਸ਼ਲ ਸਿਕਿਓਰਿਟੀ ਨੰਬਰ ਨਹੀਂ ਵਿਖਾਇਆ ਸੀ।

## ਆਪਣੀ ਵੋਟ-ਪਰਚੀ ਭਰੋ

ਆਪਣੀ ਪਸੰਦ ਦੇ ਬਿਲਕੁਲ ਸਾਹਮਣੇ ਅੰਡਾਕਾਰ ਥਾਂ ਪੂਰੀ ਤਰ੍ਹਾਂ ਭਰਕੇ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਾਓ।

ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ ਜਾਂ ਆਪਣੀ ਵੋਟ-ਪਰਚੀ ਬਾਰੇ ਸੁਆਲ ਹੈ, ਤਾਂ ਤੁਸੀਂ ਮਦਦ ਲਈ ਪੋਲ ਵਰਕਰ ਨੂੰ ਪੁੱਛ ਸਕਦੇ ਹੋ!

*ਆਪਣੀ ਵੋਟ-ਪਰਚੀ ਦੇ ਦੋਹਾਂ ਪਾਸੇ ਨਿਸ਼ਾਨ ਲਾਉਣਾ ਯਾਦ ਰੱਖੋ, ਤਾਂ ਜੋ ਤੁਹਾਡੇ ਤੋਂ ਕੁਝ ਖੁੰਝ ਨਾ ਜਾਏ।

## ਆਪਣੀ ਵੋਟ-ਪਰਚੀ ਸਕੈਨ ਕਰੋ

ਤੁਹਾਡੀ ਵੋਟ-ਪਰਚੀ ਭਰਦਿਆਂ ਸਾਰ ਹੀ, ਸਕੈਨਰ ਵਿੱਚ ਤੁਹਾਡੀ ਵੋਟ-ਪਰਚੀ ਪਾਉਣ ਲਈ ਇੱਕ ਪੋਲ ਵਰਕਰ ਤੁਹਾਡੀ ਮਦਦ ਕਰੇਗਾ। ਤੁਹਾਡੀ ਵੋਟ ਅੰਦਰ ਜਾਣ 'ਤੇ ਸਕੈਨਰ ਤੁਹਾਨੂੰ ਦੱਸੇਗਾ।

## ਆਪਣਾ ਸਟਿੱਕਰ ਪ੍ਰਾਪਤ ਕਰੋ

ਆਪਣਾ ਸਟਿੱਕਰ ਲਓ! ਇਸ ਨੂੰ ਲਾਓ, ਦਰਸਾਓ ਅਤੇ ਯਕੀਨੀ ਬਣਾਓ ਕਿ ਤੁਹਾਡੇ ਦੋਸਤ ਅਤੇ ਪਰਿਵਾਰ ਦੀ ਵੋਟ ਪਾਉਣ ਦਾ ਪਲਾਨ ਬਣਾ ਰਿਹਾ ਹੈ।

# ਇੱਕ ਵੋਟਰ ਦੇ ਤੌਰ 'ਤੇ ਮੇਰੇ ਕੀ ਹੱਕ ਹਨ?

## ਆਮ ਚੋਣ ਵਿੱਚ ਤੁਹਾਨੂੰ ਵੋਟ ਕਰਨ ਦਾ ਹੱਕ ਹੈ, ਜੇ:

- ਤੁਸੀਂ ਇੱਕ ਰਜਿਸਟਰਡ ਵੋਟਰ ਹੋ।
- ਬੰਦ ਹੋਣ ਸਮੇਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਾਈਨ ਵਿੱਚ ਹੋ।

## ਕਿਸੇ ਵੀ ਚੋਣ ਵਿੱਚ ਤੁਹਾਨੂੰ ਹੇਠਾਂ ਦਿੱਤੇ ਹੱਕ ਹਨ:

- ਜੇ ਤੁਹਾਨੂੰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਮਦਦ ਲਈ ਇੱਕ ਚੋਣ ਵਰਕਰ ਜਾਂ ਦੁਭਾਸੀਆ ਲਈ ਪੁੱਛੋ। ਦੁਭਾਸੀਆ ਬਾਰੇ ਹੋਰ ਜਾਣਕਾਰੀ ਲਈ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ।
- ਵੋਟ ਪਾਉਣ ਵਿੱਚ ਮਦਦ ਲਈ ਆਪਣੇ ਨਾਲ (ਆਪਣੇ ਰੋਜ਼ਗਾਰਦਾਤਾ ਜਾਂ ਯੂਨੀਅਨ ਦੇ ਨੁਮਾਇੰਦੇ ਨੂੰ ਛੱਡਕੇ) ਕਿਸੇ ਨੂੰ ਲਿਆਓ।
- ਆਪਣੇ ਨਾਲ ਸਮਗ੍ਰੀ ਲਿਆਓ, ਇਸ ਵਿੱਚ ਵੋਟਰ ਗਾਈਡ ਸ਼ਾਮਿਲ ਹੈ।
- ਭਾਵੇਂ ਵੋਟਿੰਗ ਮਸ਼ੀਨ ਟੁੱਟੀ ਹੋਈ ਹੈ, ਫਿਰ ਵੀ ਵੋਟ ਪਾਓ।
- ਜੇ ਤੁਹਾਡੀ ਵੋਟਰ ਵੋਟਾਂ ਪੈਣ ਦੀ ਥਾਂ ਦੀ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਹੈ, ਤਾਂ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਓ।
- ਪਹੁੰਚਯੋਗ ਪੋਲਿੰਗ ਥਾਂ ਉਹ ਹੈ, ਜਿੱਥੇ ਕੋਈ ਸਰੀਰਕ ਅੜਿੱਕੇ ਨਾ ਹੋਣ।
- ਆਪਣੀ ਵੋਟ-ਪਰਚੀ ਪਾਉਣ ਲਈ ਪਹੁੰਚਯੋਗ ਵੋਟਿੰਗ ਮਸ਼ੀਨ ਦੀ ਵਰਤੋਂ ਕਰੋ।
- ਆਪਣੀ ਸਮਰੱਥਾ ਜਾਂ ਅਸਮਰੱਥਾ (ਅਪੰਗਤਾ)ਦੀ ਪਰਵਾਹ ਕੀਤੇ ਬਿਨਾ ਵੋਟ ਪਾਓ।

## ਫ਼ੌਜਦਾਰੀ ਜਾਂ ਸੰਗੀਨ ਜੁਰਮ ਦੀ ਸਜ਼ਾ ਵਾਲੇ ਲੋਕਾਂ ਲਈ ਵੋਟਿੰਗ ਦੇ ਹੱਕ:

- ਛੋਟੇ ਜੁਰਮ ਅਤੇ ਸਜ਼ਾ ਦੀ ਉਲੰਘਣਾ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕਦੀ, ਭਾਵੇਂ ਤੁਸੀਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋ।
- ਜੇ ਇਸ ਸਮੇਂ ਤੁਸੀਂ ਸੰਗੀਨ ਜੁਰਮ ਦੀ ਸਜ਼ਾ ਕਰਕੇ ਜੇਲ੍ਹ ਵਿੱਚ ਬੰਦ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ। ਹਾਲਾਂਕਿ, ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਹਾਡੀ ਸਜ਼ਾ ਰੱਦ ਕਰ ਦਿੱਤੀ ਗਈ ਹੈ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਸੀਂ ਜੇਲ੍ਹ ਤੋਂ ਰਿਹਾ ਹੋ ਗਏ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ। ਹਾਲਾਂਕਿ, ਤੁਹਾਨੂੰ ਫਿਰ ਤੋਂ ਵੋਟ ਪਾਉਣ ਲਈ ਰਜਿਸਟਰ ਕਰਨਾ ਚਾਹੀਦੀ ਹੈ।
- ਜੇ ਤੁਸੀਂ ਇਸ ਸਮੇਂ ਪ੍ਰੋਬੇਸ਼ਨ ਜਾਂ ਪੈਰੋਲ 'ਤੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਦੁਰਵਿਹਾਰ ਸਬੰਧੀ ਜੁਰਮ ਬਦਲੇ ਜੇਲ੍ਹ ਵਿੱਚ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।

## ਜੇ ਤੁਹਾਨੂੰ ਮਦਦ ਚਾਹੀਦੀ ਹੈ, ਕਿਸ ਨਾਲ ਸੰਪਰਕ ਕਰੋ:

- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਕੋਈ ਮਸਲਾ ਹੈ, ਤਾਂ ਪੋਲ ਵਰਕਰ ਨੂੰ ਦੱਸੋ ਜਾਂ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ ਨਾਲ ਸੰਪਰਕ ਕਰੋ।
- ਜੇ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਸਿਖਲਾਈਪ੍ਰਾਪਤ ਚੋਣ ਪ੍ਰੋਟੈਕਸ਼ਨ ਵਾੱਲੰਟੀਅਰ ਨਾਲ ਗੱਲ ਕਰਨ ਲਈ ਚੋਣ ਪ੍ਰੋਟੈਕਸ਼ਨ ਹਾੱਟਲਾਈਨ ਨੂੰ 866-OUR-VOTE (866-687-8683) 'ਤੇ ਕਾੱਲ ਕਰੋ ਅਤੇ ਮੁਫ਼ਤ ਕਾਨੂੰਨੀ ਮਦਦ ਲਓ।
- (866) 390-2992 'ਤੇ ਕਾੱਲ ਕਰਕੇ ਨਿਊਯਾਰਕ ਅਟਾਰਨੀ ਜਨਰਲ ਨਾਲ ਸ਼ਿਕਾਇਤ ਸਾਂਝੀ ਕਰੋ ਜਾਂ ag.ny.gov/election-hotline 'ਤੇ ਜਾਓ।

# ਪਹੁੰਚਯੋਗਤਾ

ਹਰ ਇੱਕ ਨਿਊਯਾਰਕ ਵੋਟਰ ਨੂੰ ਨਿਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਆਪਣੀ ਵੋਟ-ਪਰਚੀ ਪਾਉਣ ਦਾ ਹੱਕ ਹੈ। ਜੇ ਤੁਹਾਨੂੰ ਅਸਮਰੱਥਾ (ਅਪੰਗਤਾ) ਜਾਂ ਅੰਗਰੇਜ਼ੀ ਦੀ ਸੀਮਤ ਮੁਹਾਰਤ ਕਰਕੇ ਆਪਣੀ ਵੋਟ-ਪਰਚੀ ਭਰਨ ਵਾਸਤੇ ਮਦਦ ਦੀ ਲੋੜ ਹੈ, ਤਾਂ ਸਹਾਇਤਾ ਉਪਲਬਧ ਹੈ।

## ਪਹੁੰਚਯੋਗ ਗੈਰਹਾਜ਼ਰ ਬੈਲਟ

ਜੇ ਤੁਹਾਨੂੰ ਦਿਸਦਾ ਨਹੀਂ ਹੈ ਜਾਂ ਤੁਸੀਂ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦੇ ਹੋ। ਤੁਸੀਂ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ, ਜਿਸ ਨੂੰ ਸਕ੍ਰੀਨ ਰੀਡਰ ਰਾਹੀਂ ਜਾਂ ਕੰਪਿਊਟਰ ਦੀ ਵਰਤੋਂ ਭਰਕੇ ਪੜ੍ਹਿਆ ਜਾ ਸਕਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਪਹੁੰਚਯੋਗ ਗੈਰਹਾਜ਼ਰ ਬੈਲਟ ਵਾਸਤੇ ਬੇਨਤੀ ਕਰਨ ਲਈ:
**nycabsentee.com/accessibility** 'ਤੇ ਜਾਓ:
ਜਾਂ 866-VOTE-NYC (866-868-3692) ਜਾਂ
TTY 212-487-5496 'ਤੇ ਕਾੱਲ ਕਰੋ।

## ਭਾਸ਼ਾ ਅਤੇ ਦੁਭਾਸ਼ੀਆ ਸੇਵਾ

ਸ਼ਹਿਰ ਭਰ ਵਿੱਚ ਕਈ ਵੋਟਾਂ ਪੈਣ ਦੀ ਥਾਂ 'ਤੇ ਦੁਭਾਸੀਆ ਮਿਲਦੇ ਹਨ। ਤੁਹਾਨੂੰ ਆਪਣੇ ਨਾਲ ਕਿਸੇ ਨੂੰ ਲਿਆਉਣ ਦਾ ਹੱਕ ਹੈ, ਇਸ ਵਿੱਚ ਤੁਹਾਨੂੰ ਤੁਹਾਡੀ ਵੋਟ-ਪਰਚੀ ਬਾਰੇ ਸਮਝਣ ਵਿੱਚ ਮਦਦ ਲਈ ਪਰਿਵਾਰ ਦਾ ਮੈਂਬਰ, ਦੋਸਤ ਜਾਂ ਦੁਭਾਸੀਆ ਸ਼ਾਮਿਲ ਹੁੰਦਾ ਹੈ।

ਵੋਟਾਂ ਪੈਣ ਦੀਆਂ ਕਿਹੜੀਆਂ ਥਾਵਾਂ ਦੁਭਾਸ਼ੀਏ ਦੀ ਸੇਵਾ ਦਿੰਦੀਆਂ ਹਨ, ਬਾਰੇ ਤੁਸੀਂ **vote.nyc** 'ਤੇ ਇਸ ਬਾਰੇ ਜਾਣ ਸਕਦੇ ਹੋ। ਤੁਸੀਂ 866-VOTE-NYC (866-868-3692) 'ਤੇ ਵੀ ਕਾੱਲ ਕਰ ਸਕਦੇ ਹੋ।

## ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲ਼ੀ ਡਿਵਾਈਸ

ਵੋਟਰਾਂ ਲਈ ਬਿਹਤਰ ਪਹੁੰਚਯੋਗਤਾ ਮੁਹੱਈਆ ਕਰਾਉਣ ਲਈ ਵੋਟਾਂ ਪੈਣ ਦੀਆਂ ਸਾਰੀਆਂ ਥਾਵਾਂ 'ਤੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸ (ballot marking devices, BMD) ਉਪਲਬਧ ਹਨ, ਇਹਨਾਂ ਵੋਟਰਾਂ ਵਿੱਚ ਨੇਤਰਹੀਣ, ਜਿਹਨਾਂ ਨੂੰ ਘੱਟ ਨਜ਼ਰ ਆਉਂਦਾ ਹੈ ਜਾਂ ਅਸਮਰੱਥਾ (ਅਪੰਗਤਾ) ਹਨ ਜਾਂ ਅਜਿਹੀ ਸਥਿਤੀ ਹੈ, ਜਿਸ ਕਰਕੇ ਉਹਨਾਂ ਨੂੰ ਪੈਨ ਨਾਲ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਿੱਚ ਮੁਸ਼ਕਿਲ ਜਾਂ ਦਿੱਕਤ ਹੁੰਦੀ ਹੈ, ਸ਼ਾਮਿਲ ਹਨ

ਜੇ ਤੁਸੀਂ BMD ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਆਪਣੇ ਪੋਲ ਵਰਕਰ ਨੂੰ ਕਹੋ। ਤੁਸੀਂ ਡਿਸਪਲੇ ਸਕ੍ਰੀਨ 'ਤੇ ਵੋਟ-ਪਰਚੀ ਵੇਖਣ ਲਈ ਇਸਦੀ ਵਰਤੋਂ ਕਰ ਸਕਦੇ ਹੋ, ਇਸਨੂੰ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਕਰ ਸਕਦੇ ਹੋ ਜਾਂ ਹੈਡਫੋਨ ਰਾਹੀਂ ਆਪਣੀ ਪਸੰਦ ਸੁਣ ਸਕਦੇ ਹੋ।

## ਡਿਵਾਈਸ ਤੁਹਾਡੀ ਵੋਟ-ਪਰਚੀ 'ਤੇ ਚਾਰ ਤਰ੍ਹਾਂ ਨਾਲ ਨਿਸ਼ਾਨ ਲਾਉਂਦੀ ਹੈ:


ਟੱਚ ਸਕ੍ਰੀਨ


ਕੀਪੈਡ (ਬ੍ਰੇਲ)


ਸਿਪ ਐਂਡ ਪਫ਼ ਡਿਵਾਈਸ


ਰਾੱਕਰ ਪੈਡਲ

- ਤੁਸੀਂ ਟੈਕਸਟ ਵੱਡੀ ਕਰਨ ਲਈ “ZOOM IN” (ਜ਼ੂਮ ਇਨ), ਟੈਕਸਟ ਨੂੰ ਵਾਪਸ ਮੂਲ ਅਕਾਰ ਵਿੱਚ ਲਿਆਉਣ ਲਈ “ZOOM OUT” (ਜ਼ੂਮ ਆਉਟ) ਜਾਂ ਵੋਟ-ਪਰਚੀ ਨੂੰ ਕਾਲੇ ਪਿਛੋਕੜ 'ਤੇ ਚਿੱਟੀ ਟੈਕਸਟ 'ਤੇ ਡਿਸਪਲੇ ਕਰਨ ਲਈ “HIGH CONTRAST” (ਹਾਈ ਕੰਟ੍ਰਾਸਟ) ਕਰ ਸਕਦੇ ਹੋ।
- ਤੁਸੀਂ ਹੈਡਫੋਨ 'ਤੇ ਆੱਡੀਓ ਨੂੰ ਫਿਰ ਤੋਂ ਸੁਣ ਸਕਦੇ ਹੋ ਅਤੇ ਇਸਦੀ ਸਪੀਡ ਅਤੇ ਮਾਤਰਾ ਨੂੰ ਸੈਟ ਕਰ ਸਕਦੇ ਹੋ।
- ਯਾਦ ਰੱਖੋ! ਜਦ ਤੱਕ ਤੁਸੀਂ ਨਿਸ਼ਾਨ ਲੱਗੀ ਵੋਟ-ਪਰਚੀ ਸਕੈਨਰ ਵਿੱਚ ਨਹੀਂ ਪਾਉਂਦੇ ਅਤੇ ਆਪਣੀ ਵੋਟ ਪਾ ਦਿੰਦੇ ਹੋ, ਤਾਂ ਤੁਹਾਡੀ ਚੋਣ ਅੰਤਮ ਨਹੀਂ ਮੰਨੀ ਜਾਂਦੀ।
- ਜੇ ਤੁਸੀਂ ਸਕੈਨਰ ਵਿੱਚ ਆਪਣੀ ਵੋਟ-ਪਰਚੀ ਅੰਦਰ ਕਰਨ ਲਈ ਮਦਦ ਚਾਹੁੰਦੇ ਹੋ, ਤਾਂ ਪੋਲ ਵਰਕਰ ਤੁਹਾਡੀ ਮਦਦ ਕਰੇਗਾ।

# ਸੈਂਪਲ ਵੋਟ-ਪਰਚੀ

ਸੈਂਪਲ ਵੋਟ-ਪਰਚੀ ਸਿਰਫ਼ ਡਿਸਪਲੇ ਲਈ ਹੈ। ਇਹ ਅਸਲ ਵੋਟ-ਪਰਚੀ ਨਹੀਂ ਹੈ ਅਤੇ ਇਸ ਨੂੰ ਭਰਨ ਨਾਲ ਹੀ ਤੁਹਾਡੀ ਵੋਟ ਨਹੀਂ ਗਿਣੀ ਜਾਏਗੀ।

| | | |
|---|---|---|
| **City Council** | ◯ **Candidate A** Party 1 | ◯ **Candidate B** Party 2 |
| **District Attorney** Bronx, Queens, Staten Island | ◯ **Candidate A** Party 1 | ◯ **Candidate B** Party 2 |
| **State Supreme Court** Manhattan, Bronx, Queens, Brooklyn | ◯ **Candidate A** Party 1 | ◯ **Candidate B** Party 2 |
| **Civil Court Judges** | ◯ **Candidate A** Party 1 | ◯ **Candidate B** Party 2 |
| **Surrogate's Court** Brooklyn | ◯ **Candidate A** Party 1 | ◯ **Candidate B** Party 2 |

## ਮੇਰੀਆਂ ਮੁੱਖ ਤਰਜੀਹਾਂ

ਸਿਟੀ ਕੌਂਸਲ ਲਈ ਆਪਣੀਆਂ ਚੋਣਾਂ ਦੀ ਸੂਚੀ ਅਤੇ ਤਜਵੀਜ਼ਾਂ ਵਾਲੀ ਵੋਟ-ਪਰਚੀ ਲਈ ਇਸ ਪੰਨੇ ਦੀ ਵਰਤੋਂ ਕਰੋ। ਤੁਸੀਂ ਆਪਣੀ ਵੋਟ-ਪਰਚੀ ਭਰਨ ਵੇਲੇ ਇਸ ਨੂੰ ਹਵਾਲੇ ਵਜੋਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਿਜਾ ਸਕਦੇ ਹੋ।

**ਸਿਟੀ ਕੌਂਸਲ**

**ਤਜਵੀਜ਼ਾਂ ਵਾਲ਼ੀ ਵੋਟ-ਪਰਚੀ**

ਤਜਵੀਜ਼ 1

ਤਜਵੀਜ਼ 2

**ਯਾਦ ਰੱਖੋ! ਤੁਹਾਡੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ ਤੁਹਾਡੀ ਵੋਟ-ਪਰਚੀ 'ਤੇ ਹੋਰ ਦਫ਼ਤਰ ਹੋ ਸਕਦੇ ਹਨ।**

ਤੁਸੀਂ **findmypollsite.vote.nyc** 'ਤੇ ਚੋਣ ਬੋਰਡ ਤੋਂ ਆਪਣੀ ਵੋਟ-ਪਰਚੀ ਦੇ ਸੈਂਪਲ ਦਾ ਜਾਇਜ਼ਾ ਲੈ ਸਕਦੇ ਹੋ।

# ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?

ਸਾਡੇ ਚੁਣੇ ਗਏ ਅਧਿਕਾਰੀ ਹਰ ਰੋਜ਼ ਅਜਿਹੇ ਨਿਰਣੇ ਲੈਂਦੇ ਹਨ ਜੋ ਨੌਕਰੀਆਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਗੱਲਾਂ ਨੂੰ ਪ੍ਰਭਾਵਿਤ ਕਰਦੇ ਹਨ। ਆਪਣੀ ਵੋਟ-ਪਰਚੀ 'ਤੇ ਦਿੱਤੇ ਦਫ਼ਤਰਾਂ ਬਾਰੇ ਹੋਰ ਜਾਣੋ।

**ਆਪਣੀ ਡਿਸਟ੍ਰਿਕਟ ਲਈ ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ ਲਈ** **punjabi.nycvotes.org/candidates** 'ਤੇ ਜਾਓ।

## ਸ਼ਹਿਰੀ ਦਫ਼ਤਰ

### ਸਿਟੀ ਕੌਂਸਲ

ਸਿਟੀ ਕੌਂਸਲ ਨਿਊਯਾਰਕ ਸ਼ਹਿਰ ਦੀ ਸਰਕਾਰ ਦੀ ਵਿਧਾਨਕਾਰੀ ਜਾਂ ਕਾਨੂੰਨ ਘੜਣ ਵਾਲੀ ਬ੍ਰਾਂਚ ਹੈ। ਇਸ ਵਿੱਚ 51 ਮੈਂਬਰ ਹਨ। ਕੌਂਸਲ ਮੈਂਬਰ ਆਮ ਤੌਰ 'ਤੇ 4 ਸਾਲ (ਲਗਾਤਾਰ 2 ਮਿਆਦਾਂ ਤੱਕ) ਲਈ ਸੇਵਾ ਦਿੰਦੇ ਹਨ।

2020 ਦੀ ਮਰਦਮਸ਼ੁਮਾਰੀ ਤੋਂ ਬਾਅਦ, ਅਬਾਦੀ ਵਿਚਲੀਆਂ ਤਬਦੀਲੀਆਂ ਦਾ ਤਾਲਮੇਲ ਕਰਨ ਲਈ ਸਿਟੀ ਕੌਂਸਲ ਦੀਆਂ ਡਿਸਟ੍ਰਿਕਟਾਂ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਸੀ। ਇਸ ਅਮਲ ਕਰਕੇ 2021 ਅਤੇ 2023 ਵਿੱਚ ਚੁਣੇ ਗੇ ਕੌਂਸਲ ਮੈਂਬਰ ਨਵੀਆਂ ਬਣੀਆਂ ਡਿਸਟ੍ਰਿਕਟ ਵਿੱਚ 2-ਸਾਲ ਦੀ ਮਿਆਦ ਲਈ ਸੇਵਾ ਦੇਣਗੇ। 2025 ਵਿੱਚ, 4-ਸਾਲ ਦੀ ਮਿਆਦ ਮੁੜ ਸ਼ੁਰੂ ਹੋਵੇਗੀ।

- ਬਿੱਲਾਂ ਨੂੰ ਪੇਸ਼ ਕਰਦੇ ਹਨ ਅਤੇ ਵੋਟ ਪਾਉਂਦੇ ਹਨ।
- ਸ਼ਹਿਰ ਦੇ ਬਜਟ 'ਤੇ ਗੱਲਬਾਤ ਕਰਦੇ ਹਨ ਅਤੇ ਮਨਜ਼ੂਰੀ ਦਿੰਦੇ ਹਨ।
- ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਸਾਡੇ ਸ਼ਹਿਰ ਦੇ ਵਾਧੇ ਅਤੇ ਵਿਕਾਸ ਬਾਰੇ ਨਿਰਣੇ ਲੈਂਦੇ ਹਨ।
- ਉਹਨਾਂ ਦੇ ਸੰਘਟਕਾਂ ਲਈ ਸਹਾਇਤਾ ਪ੍ਰਦਾਨ ਕਰਦੇ ਹਨ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਕਾਉਂਟੀ ਦਫ਼ਤਰ

### ਡਿਸਟ੍ਰਿਕਟ ਅਟਾਰਨੀ

ਡਿਸਟ੍ਰਿਕਟ ਅਟਾਰਨੀ ਆਪਣੀ ਕਾਉਂਟੀ ਦਾ ਮੁੱਖ ਸਰਕਾਰੀ ਵਕੀਲ ਹੈ। ਉਹ 4 ਸਾਲ ਲਈ ਸੇਵਾ ਦਿੰਦੇ ਹਨ। ਮਿਆਦ ਦੀ ਕੋਈ ਸੀਮਾ ਨਹੀਂ ਹੈ।

- ਫ਼ੈਸਲਾ ਕਰਦੇ ਹਨ ਕਿ ਕਿਹੜੇ ਮਾਮਲਿਆਂ ਵਿੱਚ ਮੁਕੱਦਮਾ (ਕਿਹੜੇ ਮਾਮਲਿਆਂ ਵਿੱਚ ਨਹੀਂ) ਚਲਾਉਣਾ ਹੈ।
- ਫ਼ੌਜਦਾਰੀ ਦੇ ਸਾਰੇ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹਨ।
- ਮੁਜਰਮਾਨਾ ਵਿਹਾਰ ਦੀ ਪੜਤਾਲ ਕਰਨੀ ਅਤੇ ਮੁਕੱਦਮਾ ਚਲਾਉਣਾ।

## ਜੱਜ

### ਸਟੇਟ ਦੀ ਸੁਪਰੀਮ ਕੋਰਟ

ਸਟੇਟ ਸੁਪਰੀਮ ਅਦਾਲਤ ਦੇ ਜਸਟਿਸ ਆਪਣੀਆਂ ਕਾਉਂਟੀਆਂ ਦੇ ਅੰਦਰ ਵੱਡੇ ਸੰਗੀਨ ਜੁਰਮਾਂ ਅਤੇ ਸਿਵਿਲ ਕੇਸਾਂ ਦੀ ਸੁਪਰੀਮ ਕੋਰਟ ਨਿਊਯਾੱਰਕ ਸਟੇਟ ਵਿੱਚ ਟ੍ਰਾਇਲ ਕੋਰਟ ਹੈ, ਕੋਰਟ ਆੱਫ਼ ਅਪੀਲਸ ਸਭ ਤੋਂ ਉੱਚੀ ਅਦਾਲਤ ਹੈ। ਉਹ 14-ਸਾਲ ਦੀ ਮਿਆਦ ਤੱਕ ਸੇਵਾ ਦਿੰਦੇ ਹਨ।

- ਤਲਾਕ, ਤੋੜ-ਵਿਛੋੜਾ ਅਤੇ ਰੱਦ ਕਰਨ ਦੀ ਕਾਰਵਾਈ ਦੀ ਪ੍ਰਧਾਨਗੀ ਕਰਦੇ ਹਨ।
- ਸੰਗੀਨ ਜੁਰਮਾਂ (ਜਿਸ ਵਿੱਚ ਇੱਕ ਸਾਲ ਤੋਂ ਵੱਧ ਤੱਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ) ਦੇ ਫ਼ੌਜਦਾਰੀ ਮੁਕੱਦਮਿਆਂ ਨਾਲ ਨਜਿੱਠਦੇ ਹਨ।
- ਇਕਰਾਰਨਾਮੇ ਅਤੇ ਨਿਜੀ ਜਾਂ ਸਮਾਜਕ ਜੁਰਮ ਵਰਗੇ, ਦੀਵਾਨੀ ਮਾਮਲਿਆਂ ਦਾ ਫ਼ੈਸਲਾ ਕਰਦੇ ਹਨ।

### ਸਿਵਿਲ ਅਦਾਲਤ - ਕਾਉਂਟੀ ਅਤੇ ਡਿਸਟ੍ਰਿਕਟ

ਸਿਵਿਲ ਅਦਾਲਤ ਦੇ ਜੱਜ ਕਾਉਂਟੀਆਂ ਜਾਂ ਡਿਸਟ੍ਰਿਕਟਾਂ ਦੀ ਅਗਵਾਈ ਕਰਦੇ ਹਨ, ਇਸ ਕਰਕੇ ਤੁਹਾਡੀ ਵੋਟ-ਪਰਚੀ 'ਤੇ ਇੱਕ ਨਾਲੋਂ ਵੱਧ ਸਿਵਿਲ ਅਦਾਲਤ ਦੇ ਜੱਜ ਹੋ ਸਕਦੇ ਹਨ। ਜੱਜਾਂ ਨੂੰ 10-ਸਾਲ ਦੀ ਮਿਆਦ ਲਈ ਚੁਣਿਆ ਜਾਂਦਾ ਹੈ ਅਤੇ ਉਹਨਾਂ ਵਲੋਂ ਸੁਣੇ ਜਾਣ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- $50,000 ਤੱਕ ਦੇ ਦੀਵਾਨੀ ਮਾਮਲੇ।
- ਮਕਾਨ-ਮਾਲਕ-ਕਿਰਾਏਦਾਰ ਸਬੰਧੀ ਮਾਮਲੇ ਅਤੇ ਰਿਹਾਇਸ਼ ਦੇ ਮਿਆਰਾਂ ਨਾਲ ਜੁੜੇ ਦੇਖਭਾਲ ਕਰਨ ਸਬੰਧੀ ਮਾਮਲੇ।
- ਦੁਰਵਿਹਾਰ ਸਬੰਧੀ ਮੁਜਰਮਾਨਾ ਮੁਕੱਦਮਾ।

### ਸਰੋਗੇਟ ਬਾਰੇ ਅਦਾਲਤ

ਸਰੋਗੇਟ ਦੀ ਅਦਾਲਤ ਕਾਉਂਟੀ ਦੇ ਜੱਜ ਵਸਨੀਕਾਂ ਦੀ ਮੌਤ ਤੋਂ ਬਾਅਦ, ਉਹਨਾਂ ਦੀ ਐਸਟੇਟ ਨਾਲ ਜੁੜੇ ਕੇਸਾਂ ਦਾ ਫ਼ੈਸਲਾ ਕਰਦੇ ਹਨ। ਉਹਨਾਂ ਦੀ ਸੇਵਾ ਦੀ ਮਿਆਦ 14 ਸਾਲ ਹੈ ਅਤੇ ਸੁਣਨ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- ਵਸੀਅਤਾਂ ਅਤੇ ਜਾਇਦਾਦਾਂ ਦਾ ਪ੍ਰਬੰਧ ਕਰਨ ਵਰਗੇ ਮ੍ਰਿਤਕ ਦੇ ਮਾਮਲੇ।
- ਬੱਚੇ ਨੂੰ ਗੋਦ ਲੈਣਾ।
- ਸਰਪ੍ਰਸਤੀ।

## ਸਿਟੀ ਕੌਂਸਲ ਮੈਂਬਰ ਮੈਂਬਰ ਦੀ ਜ਼ਿੰਦਗੀ ਦਾ ਇੱਕ ਦਿਨ


### ਸਿਟੀ ਕੌਂਸਲ ਮੈਂਬਰ ਤੁਹਾਡੇ ਵਾਸਤੇ ਕੀ ਕਰਦੇ ਹਨ?

- ਰਿਹਾਇਸ਼, ਸਿਹਤ ਸੰਭਾਲ, ਸਿੱਖਿਆ, ਜਨਤਕ ਸੁਰੱਖਿਆ, ਅਤੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਬਿੱਲਾਂ ਦਾ ਖਰੜਾ ਤਿਆਰ ਕਰਦੇ ਹਨ ਅਤੇ ਵੋਟ ਪਾਉਂਦੇ ਹਨ। ਕੌਂਸਲ ਮੈਂਬਰ ਬੁਜ਼ੁਰਗਾਂ ਤੋਂ ਲੈ ਕੇ ਨੌਜਵਾਨ ਬਾਰੇ ਸੇਵਾਵਾਂ ਦੇ ਮੁੱਦਿਆਂ ਸਬੰਧੀ ਕਮੇਟੀਆਂ ਵਿੱਚ ਵੀ ਸ਼ਾਮਲ ਹੋ ਸਕਦੇ ਹਨ।
- ਸ਼ਹਿਰ ਦਾ ~$107 ਅਰਬ ਦਾ ਬਜਟ ਤਿਆਰ ਕਰਨ ਅਤੇ ਮੰਜ਼ੂਰੀ ਦੇਣ ਲਈ ਮੇਅਰ ਨਾਲ ਕੰਮ ਕਰਨਾ। ਹਰੇਕ ਕੌਂਸਲ ਮੈਂਬਰ ਆਪਣੇ ਡਿਸਟ੍ਰਿਕਟ ਵਿੱਚ ਸਕੂਲ ਬਣਾਉਣ ਅਤੇ ਸੁਧਾਰ ਕਰਨ ਲਈ $5 ਮਿਲੀਅਨ ਦੇ ਬਜਟ ਦਾ ਪ੍ਰਬੰਧਨ ਕਰਦੇ ਹਨ, ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੀ ਸਹਾਇਤਾ ਵਾਸਤੇ ~$500,000 ਦੇ ਵਾਧੂ ਬਜਟ ਦਾ ਪ੍ਰਬੰਧਨ ਵੀ ਕਰਦੇ ਹਨ।
- ਨਿਊਯਾਰਕ ਸ਼ਹਿਰ ਪੁਲਿਸ ਵਿਭਾਗ ਅਤੇ ਨਿਊਯਾਰਕ ਸ਼ਹਿਰ ਸਿੱਖਿਆ ਵਿਭਾਗ ਸਮੇਤ ਨਿਊਯਾਰਕ ਵਾਸੀਆਂ ਦੀ ਸੇਵਾ ਕਰਨ ਵਾਲੀਆਂ ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਪੂਰੇ ਸ਼ਹਿਰ ਵਿੱਚ ਇਮਾਰਤ ਅਤੇ ਜ਼ਮੀਨ ਦੀ ਵਰਤੋਂ ਦਾ ਪਤਾ ਲਗਾਉਂਦੇ ਹਨ, ਜਿਸ ਵਿੱਚ ਸੰਪਤੀ ਦੇ ਮਾਲਕਾਂ ਲਈ ਜ਼ੋਨਿੰਗ ਦੀ ਨਿਗਰਾਨੀ ਕਰਨਾ, ਲੈਂਡਮਾਰਕਾਂ ਨੂੰ ਸੁਰੱਖਿਅਤ ਕਰਨਾ, ਅਤੇ ਸ਼ਹਿਰ ਦੀ ਜ਼ਮੀਨ ਅਤੇ ਜਨਤਕ ਸਹੂਲਤਾਂ ਦਾ ਪ੍ਰਬੰਧਨ ਕਰਨਾ ਸ਼ਾਮਲ ਹੈ।
- ਤੁਹਾਡੇ ਜਿਹੇ ਸੰਘਟਕਾਂ ਦੀ ਸਹਾਇਤਾ ਕਰਦੇ ਹਨ। ਕੌਂਸਲ ਮੈਂਬਰ ਅਤੇ ਉਨ੍ਹਾਂ ਦੇ ਦਫ਼ਤਰ ਟੈਕਸ ਦੀ ਤਿਆਰੀ, ਕਿਫਾਇਤੀ ਰਿਹਾਇਸ਼, ਰੁੱਖ ਲਗਾਉਣ, ਗੰਦੇ ਫੁੱਟਪਾਥ, ਟੋਆਂ, ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਹੋਰ ਬਹੁਤ ਸਾਰੇ ਮੁੱਦਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਆਪਣੇ ਕੌਂਸਲ ਮੈਂਬਰ ਨਾਲ ਸੰਪਰਕ ਕਰੋ!

## ਨਿਊਯਾਰਕ ਸਿਟੀ ਕੌਂਸਲ ਦਾ ਨਕਸ਼ਾ

- NYC ਵਿੱਚ 51 ਸਿਟੀ ਕੌਂਸਲ ਡਿਸਟ੍ਰਿਕਟ ਹਨ
- ਹਰ ਡਿਸਟ੍ਰਿਕਟ ਵਿੱਚ ~172,000 ਵੋਟਰ ਰਹਿੰਦੇ ਹਨ
- ਸਿਟੀ ਕੌਂਸਲ NYC ਦੇ ~$107 ਅਰਬ ਦੇ ਬਜਟ ਨੂੰ ਮੰਜ਼ੂਰੀ ਦਿੰਦੀ ਹੈ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।



# ਸਿਟੀ ਕੌਂਸਲ ਡਿਸਟ੍ਰਿਕਟ 33

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਲਿੰਕਨ ਰੈਸਲਰ (Lincoln Restler) ✓

**ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫ੍ਰੀਡਮ ਪਾਰਟੀ**

- ਮਾਰਥਾ ਰੋਵੈਨ (Martha Rowen) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਲਿੰਕਨ ਰੈਸਲਰ (Lincoln Restler) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਜਲਵਾਯੂ ਸੰਕਟ ਨਾਲ ਨਜਿੱਠਣਾ
2. ਕਿਫਾਇਤੀ ਰਿਹਾਇਸ਼ ਬਣਾਓ ਅਤੇ ਸੁਰੱਖਿਅਤ ਕਰੋ
3. ਬਿਹਤਰ ਜਨਤਕ ਆਵਾਜਾਈ, ਸੁਰੱਖਿਅਤ ਗਲੀਆਂ

*"ਮੈਂ ਆਪਣੀ ਪੂਰੀ ਜ਼ਿੰਦਗੀ 33rd ਵਿੱਚ ਰਹੀ ਹਾਂ ਅਤੇ ਤੁਹਾਡੀ ਕੌਂਸਲ ਮੈਂਬਰ ਦੇ ਤੌਰ 'ਤੇ ਸੇਵਾ ਕਰਨਾ ਮੇਰੇ ਲਈ ਮਾਣ ਵਾਲੀ ਗੱਲ ਰਹੀ ਹੈ। ਅਸੀਂ ਹੋਰ ਨਿਆ ਅਤੇ ਹਰੀ-ਭਰੀ ਬਰੁਕਲਿਨ ਲਈ ਜੱਦੋ-ਜਹਿਦ ਕਰ ਰਹੇ ਹਾਂ। ਅਸੀਂ ਜਲਵਾਯੂ-ਸੰਕਟ ਨਾਲ ਨਜਿੱਠਣ, ਵਾਕਈ ਕਿਫ਼ਾਇਤੀ ਰਿਹਾਇਸ਼ ਉਸਾਰਣ, ਬਾਈਕ ਲੇਨਸ ਦਾ ਪਸਾਰ ਕਰਨ, ਹੈਲੀਕਾੱਪਟਰ ਦੀਆਂ ਗ਼ੈਰਜ਼ਰੂਰੀ ਉਡਾਣਾਂ ਬੰਦ ਕਰਨ ਅਤੇ ਹੋਰ ਬਹੁਤ ਕੁਝ ਲਈ ਕਾਨੂੰਨ ਪੇਸ਼ ਕੀਤਾ ਹੈ। ਮੈਨੂੰ ਤੁਹਾਡੀ 24/7 ਦੀ ਸਮੱਸਿਆ ਨਾਲ ਨਜਿੱਠਣ ਵਾਲੇ ਵਜੋਂ ਕੰਮ ਕਰਦੇ ਰਹਿਣ ਅਤੇ 33rd ਨੂੰ ਬਰੁਕਲਿਨ ਅਤੇ ਉਸ ਤੋਂ ਅਗਾਂਹ ਵਾਸਤੇ ਇੱਕ ਮਾੱਡਲ ਬਣਾਉਣ ਲਈ ਕੰਮ ਕਰਦੇ ਰਹਿਣਾ ਚੰਗਾ ਲੱਗੇਗਾ!"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਸਿਟੀ ਦੀ ਸਰਕਾਰ ਵਿੱਚ ਕੰਮ ਕੀਤਾ ਸੀ, NYC ਰੋਜ਼ਗਾਰ ਅਤੇ ਸਿਖਲਾਈ ਕੁਲਿਸ਼ਨ ਬਾਰੇ ਐਗਜ਼ੀਕਿਉਟਿਵ ਡਾਇਰੈਕਟਰ

**ਸਿੱਖਿਆ:** ਬ੍ਰਾਉਨ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਨਿਊ ਕਿੰਗਸ ਡੈਮੋਕ੍ਰੈਟਸ ਅਤੇ ਭਾਈਚਾਰੇ ਸਬੰਧੀ ਬੋਰਡ 2 ਦੇ ਬੋਰਡ, ਬਰੁਕਲਿਨ ਪਬਲਿਕ ਲਾਇਬ੍ਰੇਰੀ, IMPACCT ਲੱਭਣ ਵਿੱਚ ਮਦਦ ਕੀਤੀ ਸੀ।

**ਪਹਿਲਾਂ ਦਾ ਸਰਕਾਰੀ ਅਨੁਭਵ:** ਮੈਨੂੰ ਕੌਂਸਲ ਮੈਂਬਰ ਵਜੋਂ ਸੇਵਾ ਕਰਨ ਦਾ ਮਾਣ ਮਿਲਿਆ ਹੈ। ਮੈਂ ਆਪਣਾ ਬਹੁਤਾ ਕੈਰੀਅਰ NYC ਸਰਕਾਰ ਵਿੱਚ ਇੱਕ ਲੋਕ-ਸੇਵਕ ਵਜੋਂ ਗੁਜ਼ਾਰਿਆ ਹੈ।

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਮਾਰਥਾ ਰੋਵੈਨ (Martha Rowen)

ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਮੈਡੀਕਲ ਫ਼੍ਰੀਡਮ ਦਾ ਬਚਾਅ ਕਰਨਾ, ਮਾਤਾ-ਪਿਤਾ ਦੇ ਹੱਕ
2. ਸਥਾਨਕ ਫ਼ੈਸਲਿਆਂ ਵਿੱਚ ਭਾਈਚਾਰਿਆਂ ਦੀ ਖ਼ੁਦਮੁਖ਼ਤਾਰੀ
3. ਛੋਟੇ ਕਾਰੋਬਾਰ ਬਚਾਉਣੇ ਅਤੇ ਹਿਮਾਇਤ ਕਰਨੀ

*"ਮੈਂ ਬਰੁਕਲਿਨ ਦੀ ਲੰਮੇ-ਸਮੇਂ ਤੋਂ ਵਸਨੀਕ ਇੱਕ ਬੀਵੀ, ਮਾਂ ਅਤੇ ਦਾਦੀ ਹਾਂ। ਸਭ ਤੋਂ ਹਾਲ ਵਿੱਚ ਲਾਇਬ੍ਰੇਰੀਆਂ ਦੀ ਰਾਖੀ ਕਰਨ, ਬੋਲਣ ਦੀ ਅਜ਼ਾਦੀ ਅਤੇ ਜਾਣਕਾਰੀ ਤੱਕ ਪਹੁੰਚ ਲਈ ਮੈਂ ਕਈ ਸਾਲਾਂ ਤੋਂ ਭਾਈਚਾਰਕ ਕਾਰਕੁਨ ਰਹੀ ਹਾਂ।*

*ਮੈਂ ਇੱਕ ਸਿਹਤਮੰਦ ਨਾਗਰਿਕ ਜ਼ਿੰਦਗੀ ਵਾਪਸ ਲਿਆਉਣ, ਚੁਣੇ ਗਏ ਅਤੇ ਅਣਚੁਣੇ ਅਧਿਕਾਰੀਆਂ ਦੀਆਂ ਤਾਕਤਾਂ ਸੀਮਤ ਕਰਕੇ ਸਰਕਾਰੀ ਦਬਾਅ 'ਤੇ ਕਾਬੂ ਪਾਉਣ ਅਤੇ ਆਪਣੇ ਹੱਕਾਂ ਦੀ ਰਾਖੀ ਨੂੰ ਬਿਹਤਰ ਬਣਾਉਣ ਲਈ ਚੋਣ ਲੜ ਰਹੀ ਹਾਂ।"*

**ਮੌਜੂਦਾ ਕੰਮ-ਧੰਦਾ:** ਮਾਤਹਿਤ ਸਹਾਇਕ ਪ੍ਰੋਫ਼ੈਸਰ, NYU-SPS

**ਪਿਛਲਾ ਕੰਮ-ਧੰਦਾ:** ਹਾਈ ਸਕੂਲ ਟੀਚਰ, ਬਾਰਡ ਹਾਈ ਸਕੂਲ ਅਰਲੀ ਕਾੱਲਿਜ, ਸਹਾਇਕ ਲੈਕਚਰਰ, ਬਰੁਕਲਿਨ ਕਾੱਲਿਜ, ਸਿਟੀ ਕਾੱਲਿਜ, ਹੰਟਰ ਕਾੱਲਿਜ

**ਸਿੱਖਿਆ:** MA, MPhil, ਕਲਾਸੀਕਲ ਭਾਸ਼ਾਵਾਂ, CUNY ਗ੍ਰੈਜੂਏਟ ਸਕੂਲ, BA ਕਲਾਸੀਕਲ ਭਾਸ਼ਾਵਾਂ, ਸਿਟੀ ਯੂਨੀਵਰਸਿਟੀ ਆੱਫ਼ ਨਿਊਯਾੱਰਕ

**ਸੰਸਥਾਗਤ ਸਬੰਧ:** ਮੈਡੀਕਲ ਫ਼੍ਰੀਡਮ ਅਲਾਇੰਸ, ਲਾਇਬ੍ਰੇਰੀਆਂ ਦੀ ਰਾਖੀ ਕਰਨ ਵਾਲੇ ਨਾਗਰਿਕ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਸਕੈਨ ਕਰੋ ਜਾਂ**
**punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਲਿੰਕਨ ਰੈਸਲਰ (Lincoln Restler)** ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | **ਮਾਰਥਾ ਰੋਵੈਨ (Martha Rowen)** ✓<br>ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ |
|---|---|---|
| **ਅਪਰਾਧ** | ਸਾਰੇ ਬਰੁਕਲਿਨ ਵਾਸੀ ਸੁਰੱਖਿਅਤ ਮਹਿਸੂਸ ਕਰਨ ਦੇ ਹੱਕਦਾਰ ਹਨ। ਹਥਿਆਰਾਂ ਨਾਲ ਕੀਤੀ ਜਾਣ ਵਾਲੀ ਹਿੰਸਾ ਅਤੇ ਨਫ਼ਰਤ ਸਬੰਧੀ ਅਪਰਾਧ ਗੰਭੀਰ ਮੁੱਦੇ ਹਨ ਜਿਨ੍ਹਾਂ ਨੂੰ ਸਾਨੂੰ ਆਪਣੇ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣ ਲਈ ਟੀਚਤ ਪਹੁੰਚਾਂ ਰਾਹੀਂ ਹੱਲ ਕਰਨਾ ਚਾਹੀਦਾ ਹੈ। ਸਾਨੂੰ ਨੌਜਵਾਨ ਬਾਲਗਾਂ ਲਈ ਸਹੀ ਮਾਰਗ 'ਤੇ ਚੱਲਣ ਵਿੱਚ ਮਦਦ ਕਰਨ ਲਈ ਹੋਰ ਮੌਕੇ ਪੈਦਾ ਕਰਨ ਦੀ ਲੋੜ ਹੈ। | ਬੇਰੋਜ਼ਗਾਰੀ, ਨਸ਼ਾਖ਼ੋਰੀ ਅਤੇ ਨਿਰਾਸਾ ਕਰਕੇ ਜੁਰਮ ਹੁੰਦਾ ਹੈ। ਮੈਂ ਗੁਆਂਢਚਾਰੇ ਦੀ ਰਾਖੀ ਕਰਨ ਅਤੇ ਆਪਣੇ ਸਬਵੇਅ ਸੁਰੱਖਿਅਤ ਰੱਖਣ ਲਈ ਪੁਲਿਸ ਨਾਲ ਮਿਲਕੇ ਕੰਮ ਕਰਾਂਗੀ ਅਤੇ ਭਾਈਚਾਰੇ ਨਾਲ ਇੱਕ ਅਜਿਹਾ ਸਥਾਨਕ ਆਰਥਕਤਾ ਨੂੰ ਵਧਾਉਣ ਲਈ ਕੰਮ ਕਰਾਂਗੀ, ਜਿਸ ਨਾਲ ਰੋਜ਼ਗਾਰ, ਰਹਿਣਯੋਗ ਗੁਆਂਢਚਾਰਾ ਮਿਲੇਗਾ ਅਤੇ ਮਜ਼ਬੂਤ ਕਦਰਾਂ-ਕੀਮਤਾਂ ਵਿੱਚ ਮਦਦ ਮਿਲੇਗੀ। |
| **ਮਹਿੰਗਾਈ** | ਕੰਮਕਾਜੀ ਲੋਕਾਂ ਲਈ ਮਹਿੰਗਾਈ ਇੱਕ ਵੱਡੀ ਚਿੰਤਾ ਹੈ ਜੋ ਪਹਿਲਾਂ ਹੀ ਨਿਊਯਾਰਕ ਸਿਟੀ ਵਿੱਚ ਕਿਫਾਇਤੀ ਸੰਕਟ ਨਾਲ ਜੂਝ ਰਹੇ ਹਨ। ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਘੱਟੋ-ਘੱਟ ਉਜਰਤ ਮਹਿੰਗਾਈ ਨਾਲ ਜੁੜੀ ਹੋਈ ਹੋਵੇ ਅਤੇ ਕਾਮਿਆਂ ਨੂੰ ਲਗਾਤਾਰ ਰਹਿਣ ਲਈ ਰਹਿਣ-ਸਹਿਣ ਦੀ ਲਾਗਤ ਮਿਲੇ। | 2020 ਤੋਂ ਬਾਅਦ Fed ਨੇ ਵੱਡੀ ਪੱਧਰ 'ਤੇ ਰਕਮਾਂ ਵੰਡਣ ਲਈ ਬਜ਼ਾਰ ਵਿਚਲੇ ਡਾੱਲਰ ~80% ਛਾਪੇ, ਜੋ ਕਿ ਵੱਡੀਆਂ ਕੰਪਨੀਆਂ ਨੂੰ ਜਾ ਰਹੇ ਸਨ, ਉਹ ਕੰਪਨੀਆਂ ਖੁੱਲ੍ਹੀਆਂ ਰਹੀਆਂ, ਜਦਕਿ ਨਿਊਯਾੱਰਕ ਦੇ ਸਕੂਲ, ਛੋਟੇ ਕਾਰੋਬਾਰ, ਗਿਰਜੇ ਅਤੇ ਬਹੁਤ ਜ਼ਰੂਰੀ ਸੇਵਾਵਾਂ ਬੰਦ ਹੋ ਗਈਆਂ ਸਨ। ਸਾਨੂੰ ਇੰਜ ਫਿਰ ਤੋਂ ਵਾਪਰਣ ਲਈ ਰੋਕਣਾ ਚਾਹੀਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਕੋਈ ਵੀ ਜੋ ਸਾਡੇ ਲੋਕਤੰਤਰ ਦੀ ਕਦਰ ਕਰਦਾ ਹੈ, ਉਸ ਨੂੰ ਸਾਰੇ ਨਿਊਯਾਰਕ ਵਾਸੀਆਂ ਲਈ ਵੋਟ-ਬਾਈ-ਮੇਲ ਤੱਕ ਪਹੁੰਚ ਵਧਾਉਣ ਅਤੇ ਵੋਟਿੰਗ ਦੇ ਹੱਕ ਦੀ ਰੱਖਿਆ ਕਰਨ ਵਿੱਚ ਡੂੰਘਾ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ। ਮੈਂ ਬਰੁਕਲਿਨ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਅਖੰਡਤਾ ਨੂੰ ਅੱਗੇ ਵਧਾਉਣ ਲਈ ਇੱਕ ਸੁਧਾਰ ਸਿਆਸੀ ਸੰਗਠਨ ਲੱਭਣ ਵਿੱਚ ਮਦਦ ਕੀਤੀ। | ਲੋਕਰਾਜ ਦਾ ਅਮਲ ਨਾਗਰਿਕ ਦੀ ਭਾਈਵਾਲੀ ਅਤੇ ਭਰੋਸੇ 'ਤੇ ਟਿਕਿਆ ਹੋਇਆ ਹੈ। ਕਈ ਨਿਊਯਾੱਰਕਰਾਂ ਨੂੰ ਵੋਟਿੰਗ ਬਾਰੇ ਸ਼ੱਕ ਰਹਿੰਦਾ ਹੈ, ਹੋਰਨਾਂ ਨੂੰ ਵੋਟਿੰਗ ਵਿੱਚ ਮਦਦ ਦੀ ਲੋੜ ਪੈਂਦੀ ਹੈ। ਮੈਂ ਇਹ ਯਕੀਨੀ ਬਣਾਉਣ ਵਾਸਤੇ ਦੋਹਾਂ ਨੂੰ ਲਿਆਉਣ ਲਈ ਕੰਮ ਕਰਾਂਗੀ ਕਿ ਸਾਡੀਆਂ ਚੋਣਾਂ ਵਿੱਚ ਨਿਰਪੱਖ ਗਿਣਤੀ ਹੋਵੇ ਅਤੇ ਸਾਰੇ ਵੋਟਰਾਂ ਦੀ ਅਸਾਨ ਪਹੁੰਚ ਹੋਵੇ। |

# ਸਿਟੀ ਕੌਂਸਲ ਡਿਸਟ੍ਰਿਕਟ 34

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਜੈਨੀਫ਼ਰ ਗੁਤੀਆਰੇਜ਼ (Jennifer Gutierrez) ✓

**ਮੈਡੀਕਲ ਫਰੀਡਮ**

- ਮਾਰਗ੍ਰਿਟ ਸ਼ੈਂਡਲਰ (Marguerite Chandler)

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਜੈਨੀਫ਼ਰ ਗੁਤੀਆਰੇਜ਼ (Jennifer Gutierrez) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਯੂਨੀਵਰਸਲ ਚਾਈਲਡ ਕੇਅਰ
2. ਕਿਰਾਏਦਾਰ ਦੀਆਂ ਸੁਰੱਖਿਆਵਾਂ ਨੂੰ ਮਜ਼ਬੂਤ ਅਤੇ ਵਿਸਤਾਰ ਕਰਨਾ
3. ਵਾਤਾਵਰਣਕ ਨਿਆਂ

*"ਜੈਨੀਫ਼ਰ ਗੁਤੀਆਰੇਜ਼ (Jennifer Gutiérrez) ਆੱਰਗਨਾਈਜ਼ਰ, ਕਾਰਕੁਨ ਅਤੇ ਭਾਈਵਾਲ ਹਨ। ਇੱਕ ਦਹਾਕੇ ਤੋਂ ਜੈਨੀਫ਼ਰ ਪ੍ਰਭਾਵਿਤ ਪਰਿਵਾਰਾਂ ਦੇ ਮਸਲਿਆਂ ਵਿੱਚ ਸ਼ਾਮਿਲ ਰਹੇ ਹਨ, ਜਿਹਨਾਂ ਦੀ ਉਹ ਇਸ ਸਮੇਂ ਨੁਮਾਇੰਦਗੀ ਕਰਦੇ ਹਨ। ਕੋਲੰਬੀਆ ਦੇ ਪ੍ਰਵਾਸੀਆਂ ਤੋਂ ਕੁਈਨਸ ਵਿੱਚ ਪੈਦਾਇਸ਼ ਅਤੇ ਪਰਵਰਿਸ਼ ਹੋਈ ਸੀ, ਜੈਨੀਫ਼ਰ ਇੱਕ-ਬੈਡਰੂਮ ਦੇ ਅਪਾਰਟਮੈਂਟ ਵਿੱਚ ਵੱਡੀ ਹੋਈ ਸੀ ਅਤੇ ਪਬਲਿਕ ਸਕੂਲਾਂ ਵਿੱਚ ਪੜ੍ਹਾਈ ਕੀਤੀ ਸੀ। ਉਹ ਛੋਟੀ ਉਮਰ ਤੋਂ ਹੀ ਕਾਰਕੁਨ ਰਹੀ ਸੀ, ਜਦੋਂ ਉਹਨਾਂ ਦੇ ਪਿਤਾ ਅਸਮਰੱਥ ਹੋ ਗਏ ਸੀ ਅਤੇ ਬੀਮਾ ਕੰਪਨੀਆਂ ਨਾਲ ਮੁਕਾਬਲਾ ਕੀਤਾ ਸੀ ਅਤੇ ਸਾਫ਼-ਸਫ਼ਾਈ ਦੇ ਕੰਮਾਂ ਵਿੱਚ ਆਪਣੀ ਮਾਂ ਨੂੰ ਦੱਸਦੀ ਸੀ ਅਤੇ ਉਹਨਾਂ ਦੀਆਂ ਉਜਰਤਾਂ ਬਾਰੇ ਗੱਲਬਾਤ ਕਰਦੀ ਸੀ। ਦਫ਼ਤਰ ਵਿਚਲੇ ਆਪਣੇ ਸਮੇਂ ਦੌਰਾਨ ਉਹਨਾਂ ਨੇ ਕਿਫ਼ਾਇਤੀ ਰਿਹਾਇਸ਼, ਸਕੂਲਾਂ ਅਤੇ ਡੇਕੇਅਰਾਂ ਨੂੰ ਫ਼ੰਡ ਦਿੰਦੇ ਰਹਿਣ, ਬ੍ਰੌਡਬੈਂਡ ਇਕੁਇਟੀ ਅਤੇ ਪਹੁੰਚ ਸਮਾਜਕ ਸੇਵਾ ਬਜਟ ਵਿੱਚ ਕਟੌਤੀ, ਜਿਸਦੀ ਸਾਡੇ ਭਾਈਚਾਰਿਆਂ ਨੂੰ ਸਖ਼ਤ ਲੋੜ ਹੈ, ਖ਼ਿਲਾਫ਼ ਜੱਦੋ-ਜਹਿਦ ਕੀਤੀ ਹੈ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਚੀਫ਼ ਆੱਫ਼ ਸਟਾਫ਼

**ਸਿੱਖਿਆ:** ਅਲਬਾਨੀ ਵਿਖੇ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਮਾਰਗ੍ਰਿਟ ਸ਼ੈਂਡਲਰ (Marguerite Chandler)

ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਸੈਂਸਰਸ਼ਿਪ, ਫ੍ਰੀ ਸਪੀਚ
2. ਮੈਡੀਕਲ ਫ੍ਰੀਡਮ ਪਾਰਟੀ
3. ਸਿਟੀ ਦੀਵਾਲੀਆ ਹੋ ਰਹੀ ਹੈ

*“ਮੈਂ ਮੌਜੂਦਾ ਦਿਲਚਸਪੀ, ਇਤਿਹਾਸ ਅਤੇ ਆਰਥਕਤਾ ਦੇ ਕਈ ਮੁੱਦਿਆਂ ਬਾਰੇ ਸਵੈ-ਸਿੱਖਿਅਤ ਸਕੱਾਲਰ ਹਾਂ। ਸਾਨੂੰ ਹਰ ਪਾਸਿਓਂ ਜਾਣਕਾਰੀ ਦੀ ਬਹੁਤ ਜ਼ਿਆਦਾ ਲੋੜ ਹੈ, ਤਾਂਜੋ ਸਾਡੇ ਨਾਗਰਿਕ ਆਪਣੇ ਫ਼ੈਸਲੇ ਆਪ ਕਰਨ ਸਕਣ। "ਬਿਨਾ ਨਜ਼ਰੀਏ ਵਾਲੇ ਲੋਕ ਤਬਾਹ ਹੋ ਜਾਂਦੇ ਹਨ।" ਸਿਰਫ਼ ਜਾਣਕਾਰੀ ਦੇ ਖੁੱਲ੍ਹੇ ਵਟਾਂਦਰੇ ਨਾਲ ਹੀ ਤਰੱਕੀ ਅਤੇ ਨਵਾਂਪਣ ਹਾਸਿਲ ਕੀਤਾ ਜਾ ਸਕਦਾ ਹੈ।”*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਪੌਟਰ, ਲੇਖਕ, ਕੋ-ਹਾਉਸਿੰਗ ਆੱਰਗਨਾਈਜ਼ਰ

**ਸਿੱਖਿਆ:** ਯੂਨੀਵਰਸਿਟੀ, ਕੋਈ ਡਿਗ੍ਰੀ ਨਹੀਂ। U.C.L.A. U.C. ਸਾਂਤਾ ਬਾਰਬਰਾ, ਵੱਖ-ਵੱਖ ਭਾਈਚਾਰਕ ਕਾੱਲਿਜ ਅਤੇ ਸਟੇਟ ਯੂਨੀਵਰਸਿਟੀ ਸਕੂਲ। ਕਾੱਲਿਜ ਆੱਫ਼ ਮਿਉਜ਼ਿਕ, ਮੈਰੀਨ ਕਾਉਂਟੀ, ਕੈਲੀਫ਼ੋਰਨੀਆ

**ਸੰਸਥਾਗਤ ਸਬੰਧ:** ਬਲੌਕਬੁਸ਼ ਐਂਟੀ-ਵਾਰ ਗਰੁਪ, ਬਾਇਓਰੀਜਨਲ ਕਾਂਗਰਸ ਦਾ ਨੁਮਾਇੰਦਾ। ਕਲੀਅਰਵਾੱਟਰ ਲਈ ਹਡਸਨ ਰਿਵਰ ਸਲੂਪ ਸਿੰਗਰ। ਸਲੂਪ ਕਲੱਬ ਬੀਕਨ NY।

**ਪਹਿਲਾਂ ਦਾ ਸਰਕਾਰੀ ਅਨੁਭਵ:** ਕੋਈ ਵੀ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਜੈਨੀਫ਼ਰ ਗੁਤੀਆਰੇਜ਼ (Jennifer Gutierrez) ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | ਮਾਰਗ੍ਰਿਟ ਸ਼ੈਂਡਲਰ (Marguerite Chandler)<br>ਮੈਡੀਕਲ ਫਰੀਡਮ |
|---|---|---|
| **ਅਪਰਾਧ** | ਸਾਨੂੰ ਆਪਣੇ ਬੱਚਿਆਂ ਦੇ ਹੱਥਾਂ ਵਿੱਚੋਂ ਬੰਦੂਕਾਂ ਖੋਹਣ 'ਤੇ ਧਿਆਨ ਦੇਣ, ਅਤੇ ਕਮਿਊਨਿਟੀ ਸਰੋਤਾਂ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਕੰਮ ਕਰਦੇ ਹਨ, ਲਈ ਫੰਡ ਵਧਾਉਣ ਦੀ ਲੋੜ ਹੈ: ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਰੋਕਣ ਨਾਲ ਸੰਬੰਧਤ ਸੇਵਾਵਾਂ, ਸਨਮਾਨਜਨਕ ਰਿਹਾਇਸ਼ ਅਤੇ ਸਕੂਲਾਂ ਵਿੱਚ ਹਿੰਸਾ ਦੀ ਰੋਕਥਾਮ। | ਸਾਨੂੰ ਜਿਉਂਦੇ ਸਾਹ ਲੈਣ ਵਾਲੇ ਇਨਸਾਨ ਵਜੋਂ ਮਿਲਕੇ ਕੰਮ ਕਰਨ ਦੀ ਲੋੜ ਹੈ, ਤਾਂਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਘਰ ਅਤੇ ਸਾਡੇ ਭਾਈਚਾਰੇ ਵਿੱਚ ਅਮਨ-ਅਮਾਨ ਲਈ ਢੁਕਵੀਆਂ ਸਥਿਤੀਆਂ ਮੌਜੂਦ ਹਨ; ਇਸ ਵਿੱਚ ਨੌਜੁਆਨਾਂ ਲਈ ਪਾਰਕ ਅਤੇ ਪ੍ਰੋਗਰਾਮ ਸ਼ਾਮਿਲ ਹਨ। ਵਾਰ-ਵਾਰ ਹਿੰਸਾ ਕਰਨ ਵਾਲੇ ਮੁਜਰਿਮਾਂ ਨੂੰ ਉਹਨਾਂ ਦੇ ਮੁਕੱਦਮਿਆਂ ਤੱਕ ਜੇਲ੍ਹ ਵਿੱਚ ਹੀ ਰੱਖਣਾ ਚਾਹੀਦਾ ਹੈ। |
| **ਮਹਿੰਗਾਈ** | ਹਰ ਰੋਜ਼ ਨਿਊ ਯਾਰਕ ਵਾਸੀ ਸਾਡੇ ਸ਼ਹਿਰ ਵਿੱਚ ਜੀਵਨ ਨਿਰਬਾਹ ਕਰਨ ਲਈ ਸੰਘਰਸ਼ ਕਰ ਰਹੇ ਹਨ; ਕਿਰਾਇਆ ਅਸਮਾਨ ਨੂੰ ਛੂਹ ਗਿਆ ਹੈ ਅਤੇ ਦੁੱਧ ਅਤੇ ਅੰਡਿਆਂ ਦੀ ਕੀਮਤ ਸਭ ਤੋਂ ਉੱਚੇ ਪੱਧਰ 'ਤੇ ਹੈ। ਇਸ ਸਮੇਂ, ਸਾਨੂੰ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਮਜ਼ਬੂਤ ਸਮਾਜਕ ਸੇਵਾ ਵਿੱਚ ਸਰਕਾਰੀ ਨਿਵੇਸ਼ 'ਤੇ ਧਿਆਨ ਦੇਣ ਦੀ ਲੋੜ ਹੈ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। | ਸਰਕਾਰੀ ਪਾੱਲਿਸੀਆਂ ਕਰਕੇ ਆਰਥਕ ਸਮੱਸਿਆਵਾਂ ਹੁੰਦੀਆਂ ਹਨ। ਮਹਿੰਗਾਈ, ਲੋਕਾਂ ਵਲੋਂ ਬਚਾਏ ਗਏ ਪੈਸੇ ਨੂੰ ਖ਼ਤਮ ਕਰ ਦਿੰਦੀ ਹੈ। ਮਹਿੰਗਾਈ ਦੇ ਰੁਝਾਨ ਨਾਲ ਸੰਭਵ ਤੌਰ 'ਤੇ ਭੁੱਖ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ, ਹੁਣ ਤੱਕ ਮੌਜੂਦ ਸਥਿਤੀ ਤੋਂ ਵੀ ਬਹੁਤ ਵੱਡੀ। ਮੈਂ ਚਾਹੁੰਦੀ ਹਾਂ ਕਿ ਸ਼ਹਿਰ ਵਿਚਲੇ ਲੋਕ ਪਰਮਾਕਲਚਰ, ਖੇਤੀਬਾੜੀ ਦੇ ਢੰਗ-ਤਰੀਕਿਆਂ ਦੀ ਵਰਤੋਂ ਕਰਦਿਆਂ ਸ਼ਹਿਰ ਵਿੱਚ ਭੋਜਨ ਵਾਲੀਆਂ ਵਸਤਾਂ ਉਗਾਉਣ। |
| **ਲੋਕਰਾਜ ਦੀ ਰਾਖੀ ਕਰਨਾ** | ਮੈਂ ਲੰਬੇ ਸਮੇਂ ਤੋਂ ਮਾਈ ਸਿਟੀ ਮਾਈ ਵੋਟ ਦੀ ਵਕਾਲਤ ਕੀਤੀ ਹੈ, ਅਤੇ ਵਿਸ਼ਵਾਸ ਕਰਦੀ ਹਾਂ ਕਿ ਹਰ ਨਿਊ ਯਾਰਕ ਵਾਸੀ, ਇਮੀਗ੍ਰੇਸ਼ਨ ਸਥਿਤੀ ਦੇ ਸੰਦਰਭ ਬਿਨਾਂ, ਸਾਡੇ ਸ਼ਹਿਰ ਵਿੱਚ ਆਪਣੀ ਵੋਟ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ। ਮੈਂ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਨੂੰ ਲਾਗੂ ਕੀਤੇ ਜਾਣ ਲਈ ਰਾਜ 'ਤੇ ਦਬਾਅ ਪਾਉਣਾ ਜਾਰੀ ਰੱਖਾਂਗੀ। | ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਵੋਟ ਪਾਉਣ ਦਾ ਹੱਕ ਹਾਸਿਲ ਕਰਨ ਲਈ ਕਈ ਲੋਕਾਂ ਨੇ ਆਪਣੀ ਜਾਨ ਕੁਰਬਾਨ ਕੀਤੀ ਹੈ। ਇਹ ਬਹੁਤ ਕੀਮਤੀ ਹੈ। ਵੋਟਾਂ ਗਿਣਨ ਵੇਲੇ, ਗ਼ਲਤ ਵੋਟਰ ਸੂਚੀਆਂ ਕਰਕੇ ਜਿਹੜੀਆਂ ਵੋਟਾਂ ਦੀ "ਗਿਣਤੀ ਨਹੀਂ ਹੁੰਦੀ"; ਇਹ ਵੋਟ ਚੋਰੀ ਹੋ ਜਾਂਦੀ ਹੈ, ਨਾਗਰਿਕਾਂ ਦੀ ਵੋਟ ਖ਼ਰਾਬ ਹੋ ਜਾਂਦੀ ਹੈ। ਮੇਰਾ ਮੰਨਣਾ ਹੈ ਕਿ ਸਿਰਫ਼ ਅਮਰੀਕੀ ਨਾਗਰਿਕਾਂ ਨੂੰ ਹੀ ਵੋਟ ਪਾਉਣੀ ਚਾਹੀਦੀ ਹੈ। |

# ਸਿਟੀ ਕੌਂਸਲ ਡਿਸਟ੍ਰਿਕਟ 35

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਕ੍ਰਿਸਟਲ ਹਡਸਨ (Crystal Hudson) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਕ੍ਰਿਸਟਲ ਹਡਸਨ (Crystal Hudson) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਆਮਦਨ-ਟੀਚਤ ਅਤੇ ਸਹਾਇਕ ਰਿਹਾਇਸ਼
2. ਬਜ਼ੁਰਗ ਬਾਲਗ (ਬਜ਼ੁਰਗ)
3. ਜਨਤਕ ਸੁਰੱਖਿਆ ਅਤੇ ਹਥਿਆਰਾਂ ਨਾਲ ਕੀਤੀ ਜਾਣ ਵਾਲੀ ਹਿੰਸਾ

*"ਮੈਂ ਬ੍ਰੌਂਕਸ ਦੀ ਤੀਜੀ ਪੀੜ੍ਹੀ ਅਤੇ ਪਹਿਲੀ ਅਮਰੀਕਨ ਪੀੜ੍ਹੀ ਹਾਂ, ਜੋ ਬਜ਼ੁਰਗਾਂ ਬਾਰੇ ਸਿਟੀ ਕੌਂਸਲ ਦੀ ਕਮੇਟੀ ਦੀ ਚੇਅਰਪਰਸਨ ਵਜੋਂ ਮਾਣ ਨਾਲ ਸੇਵਾ ਦੇ ਰਹੀ ਹਾਂ। ਆਪਣੀ ਸੁਰਗਵਾਸੀ ਮਾਂ, ਜਿਹਨਾਂ ਨੂੰ ਅਲਜ਼ਾਈਮਰ ਬਿਮਾਰੀ ਸੀ, ਦੀ ਸਾਂਭ-ਸੰਭਾਲ ਕਰਨ ਤੋਂ ਬਾਅਦ ਪਬਲਿਕ ਸਰਵਿਸ ਵਿੱਚ ਆਈ ਸੀ। ਮੈਨੂੰ ਪਤਾ ਸੀ ਕਿ ਕਿਸੇ ਨੂੰ ਵੀ ਆਪਣੇ ਨਜ਼ਦੀਕੀਆਂ ਦੀ ਸਾਂਭ-ਸੰਭਾਲ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਓਨਾ ਸੰਘਰਸ਼ ਨਹੀਂ ਕਰਨਾ ਪਿਆ ਹੋਣਾ, ਜਿੰਨਾ ਮੇਰੇ ਪਰਿਵਾਰ ਨੂੰ ਕਰਨਾ ਪਿਆ ਸੀ ਅਤੇ ਇਹ ਯਕੀਨੀ ਬਣਾਉਣਾ ਪਿਆ ਕਿ ਉਹ ਸੁਰੱਖਿਅਤ ਤੌਰ 'ਤੇ ਘਰ ਵਿੱਚ ਅਤੇ ਸਤਿਕਾਰ ਨਾਲ ਰਹਿ ਸਕਣ। ਮੈਂ 2023 ਵਿੱਚ ਫਿਰ ਤੋਂ ਚੋਣ ਲੜਣ ਲਈ ਉਤਸਾਹਿਤ ਹਾਂ ਅਤੇ ਹਮੇਸ਼ਾ ਇੱਕ ਅਜਿਹੀ ਮੁਹਿੰਮ ਚਲਾਵਾਂਗੀ, ਜੋ ਪਿਆਰ, ਇਮਾਨਦਾਰੀ ਅਤੇ ਸੱਚਾਈ ਨੂੰ ਧਿਆਨ ਵਿੱਚ ਰੱਖਦੀ ਹੋਵੇ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਸਪੋਰਟਸ ਮਾਰਕੀਟਿੰਗ

**ਸਿੱਖਿਆ:** ਸਪੈਲਮੈਨ ਕਾਲਜ; ਜਾਰਜ ਵਾਸ਼ਿੰਗਟਨ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਬਰੁਕਲਿਨ (LID) ਦੇ ਲਾਂਬਡਾ ਸੁਤੰਤਰ ਡੈਮੋਕਰੇਟਸ; ਵਰਕਿੰਗ ਫੈਮਿਲੀਜ਼ ਪਾਰਟੀ; NAACP

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊਯਾਰਕ ਸਿਟੀ ਕੌਂਸਲ ਅਤੇ NYC ਸਰਕਾਰੀ ਵਕੀਲ ਜੁਮਾਨੇ ਵਿਲੀਅਮਜ਼ ਦਾ ਦਫ਼ਤਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਕ੍ਰਿਸਟਲ ਹਡਸਨ (Crystal Hudson)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

| | |
|---|---|
| **ਅਪਰਾਧ** | ਭਾਈਚਾਰੇ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਹੜੀ ਚੀਜ਼ ਉਨ੍ਹਾਂ ਨੂੰ ਸੁਰੱਖਿਅਤ ਰੱਖਦੀ ਹੈ। ਸਾਨੂੰ ਕਮਿਊਨਿਟੀ-ਆਧਾਰਿਤ ਹਿੰਸਾ ਰੋਕਥਾਮ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਸ਼ਹਿਰ ਦੇ ਸਰੋਤਾਂ ਨੂੰ ਬਦਲਣ ਦੀ ਲੋੜ ਹੈ, ਜਿਵੇਂ ਕਿ ਹਿੰਸਾ ਦਾ ਇਲਾਜ, ਮਾਨਸਿਕ ਸਿਹਤ ਕਾਲਾਂ 'ਤੇ ਸਹਿ-ਜਵਾਬਦੇਹ ਟੀਮਾਂ ਨੂੰ ਭੇਜਣਾ, ਅਤੇ ਨਿਆਂ-ਸ਼ਾਮਲ ਨੌਜਵਾਨਾਂ ਲਈ ਮਜ਼ਬੂਤ ਪ੍ਰੋਗਰਾਮਿੰਗ ਪ੍ਰਦਾਨ ਕਰਨਾ। |
| **ਮਹਿੰਗਾਈ** | ਸਾਨੂੰ ਫੂਡ ਬੈਂਕਾਂ ਅਤੇ ਪੈਂਟਰੀਜ਼ ਲਈ ਸਹਾਇਤਾ ਵਧਾ ਕੇ, ਛੋਟਾਂ ਰਾਹੀਂ ਜਾਇਦਾਦ ਟੈਕਸ ਰਾਹਤ ਪ੍ਰਦਾਨ ਕਰਕੇ, ਰਹਿਣ-ਸਹਿਣ ਦੀ ਮਜ਼ਦੂਰੀ ਦਾ ਸਮਰਥਨ ਕਰਕੇ, ਅਤੇ ਸਥਾਨਕ ਭਾਈਚਾਰਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਡੂੰਘੇ ਕਿਫਾਇਤੀ, ਆਮਦਨ-ਟੀਚਤ ਰਿਹਾਇਸ਼ਾਂ ਦੇ ਨਿਰਮਾਣ ਦਾ ਸਮਰਥਨ ਕਰਕੇ ਵਧਦੀਆਂ ਲਾਗਤਾਂ ਨੂੰ ਹੱਲ ਕਰਨਾ ਚਾਹੀਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਰੇ ਨਿਊਯਾਰਕ ਵਾਸੀਆਂ ਨੂੰ ਵੋਟ ਪਾਉਣ ਦਾ ਮੌਕਾ ਮਿਲੇ ਅਤੇ ਅੰਤ ਵਿੱਚ ਉਸੇ ਦਿਨ ਦੀ ਰਜਿਸਟ੍ਰੇਸ਼ਨ ਅਤੇ ਬਿਨਾਂ ਬਹਾਨੇ ਗੈਰ-ਹਾਜ਼ਰੀ ਵੋਟਿੰਗ ਕਾਨੂੰਨ ਪਾਸ ਕਰਕੇ, ਗ੍ਰੀਨ ਕਾਰਡ ਧਾਰਕਾਂ ਨੂੰ ਮਿਉਂਸਪਲ ਚੋਣਾਂ ਵਿੱਚ ਵੋਟ ਪਾਉਣ ਦੀ ਇਜਾਜ਼ਤ ਦੇਣ, ਅਤੇ ਚੋਣ ਬੋਰਡ ਵਿੱਚ ਸੁਧਾਰ ਕਰਕੇ ਉਹਨਾਂ ਦੀ ਆਵਾਜ਼ ਸੁਣੀ ਜਾਵੇ। |

## ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 36

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਚੀ A ਓਸ (Chi A Osse)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਚੀ A ਓਸ (Chi A Osse)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼
2. ਸਵੱਛਤਾ ਅਤੇ ਚੂਹੇ!
3. ਜਨਤਕ ਸੁਰੱਖਿਆ

*"ਚੀ ਓਸ (Chi Osse) ਨਿਊਯਾੱਰਕ ਸਿਟੀ ਦੀ 36ਵੀਂ ਡਿਸਟ੍ਰਿਕਟ ਲਈ ਕੌਂਸਲ ਮੈਂਬਰ ਹਨ, ਜੋ ਬੈਡਫ਼ੋਰਡ-ਸਟੂਵੇਸੈਂਟ ਅਤੇ ਨੌਰਥ ਕ੍ਰਾਊਨ ਹਾਈਟਸ ਦੀ ਨੁਮਾਇੰਦਗੀ ਕਰਦੇ ਹਨ। ਉਹ ਬਲੈਕ ਲਾਈਵਸ ਮੈਟਰ ਅੰਦੋਲਨ ਵਿੱਚ ਇੱਕ ਆੱਰਗਨਾਈਜ਼ਰ ਅਤੇ ਪ੍ਰਮੁਖ ਸ਼ਖ਼ਸੀਅਤ ਵਜੋਂ ਸਿਆਸਤ ਵਿੱਚ ਆਏ ਸੀ। 23 ਸਾਲ ਦੀ ਉਮਰ ਵਿੱਚ, ਓਸ (Osse) 2021 ਵਿੱਚ ਇਸ ਕੌਂਸਲ ਦੇ ਸਭ ਤੋਂ ਛੋਟੇ ਮੈਂਬਰ ਵਜੋਂ ਚੁਣੇ ਗਏ ਸੀ ਅਤੇ Gen-Z ਤੋਂ ਆਉਣ ਵਾਲੇ ਇੱਕੋ-ਇੱਕ ਮੈਂਬਰ ਹਨ।*

*ਓਸ (Osse) ਸਾਡੇ ਭਾਈਚਾਰੇ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵਚਨਬੱਧ ਹਨ, ਇਸ ਵਿੱਚ ਗੁਆਂਢਚਾਰੇ ਦੀ ਸਾਫ-ਸਫ਼ਾਈ ਨੂੰ ਬਿਹਤਰ ਬਣਾਉਣਾ, ਜਨਤਕ ਸੁਰੱਖਿਆ ਬਾਰੇ ਮੁੜ-ਵਿਚਾਰ ਕਰਨਾ, ਸੁਰੱਖਿਅਤ ਅਤੇ ਕਿਫ਼ਾਇਤੀ ਰਿਹਾਇਸ਼ ਉਸਾਰਣੀ ਅਤੇ ਰਾਖੀ ਕਰਨਾ, ਸਥਾਨਕ ਆਰਥਕ ਵਿਕਾਸ ਨੂੰ ਉਤਸਾਹ ਦੇਣਾ ਅਤੇ ਆਪਣੇ ਸਕੂਲਾਂ ਨੂੰ ਮਜ਼ਬੂਤ ਕਰਨਾ ਸ਼ਾਮਿਲ ਹੈ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਫ੍ਰੀਲਾਂਸ ਰਚਨਾਤਮਕ

**ਸਿੱਖਿਆ:** ਫ੍ਰੈਂਡਜ਼ ਸਕੂਲ, ਚੈਪਮੈਨ ਯੂਨੀਵਰਸਿਟੀ (ਹਾਜ਼ਰ ਹੋਏ)

**ਸੰਸਥਾਗਤ ਸਬੰਧ:** ਕੋਈ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਕਮਿਊਨਿਟੀ ਕਾਰਕੁਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਚੀ A ਓਸ (Chi A Osse)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

| | |
|---|---|
| **ਅਪਰਾਧ** | ਸਾਡੇ ਸ਼ਹਿਰ ਵਿੱਚ ਅਪਰਾਧ ਨੂੰ ਘਟਾਉਣ ਲਈ, ਸਾਨੂੰ ਗਰੀਬੀ ਨੂੰ ਖਤਮ ਕਰਨ ਦੇ ਹੱਲਾਂ 'ਤੇ ਕੰਮ ਕਰਕੇ ਰੋਕਥਾਮ ਵਾਲੇ ਉਪਾਅ ਕਰਨ ਦੀ ਲੋੜ ਹੈ - ਜਿਵੇਂ ਕਿ ਸਸਤੇ ਮਕਾਨ, ਆਰਥਿਕ ਵਿਕਾਸ ਲਈ ਫੰਡਿੰਗ, ਸਿੱਖਿਆ ਤੱਕ ਪਹੁੰਚ ਵਿੱਚ ਵਾਧਾ, ਅਤੇ ਹਿੰਸਾ ਦਾ ਇਲਾਜ ਪ੍ਰੋਗਰਾਮ। |
| **ਮਹਿੰਗਾਈ** | ਜਦੋਂ ਕਿ ਮਹਿੰਗਾਈ ਇੱਕ ਸੰਘੀ ਮੁੱਦਾ ਹੈ, ਮੈਂ ਹਮੇਸ਼ਾਂ ਸਥਾਨਕ ਦੌਲਤ ਸਮਾਨਤਾ ਲਈ ਇੱਕ ਵਕੀਲ ਰਿਹਾ ਹਾਂ - ਇਹ ਯਕੀਨੀ ਬਣਾਉਣਾ ਕਿ ਨਿਊਯਾਰਕ ਦੇ ਸਭ ਤੋਂ ਅਮੀਰ ਲੋਕ ਆਪਣੇ ਉਚਿਤ ਹਿੱਸੇ ਦਾ ਭੁਗਤਾਨ ਕਰਦੇ ਹਨ। |
| **ਲੋਕਰਾਜ ਦੀ ਰਾਖੀ ਕਰਨਾ** | 6 ਜਨਵਰੀ ਦੀਆਂ ਘਟਨਾਵਾਂ NYC ਵਰਗੇ ਨੀਲੇ ਸ਼ਹਿਰ ਵਿੱਚ ਅਸੰਭਵ ਜਾਪਦੀਆਂ ਹਨ, ਪਰ ਸਾਡੇ ਕੋਲ ਅਜੇ ਵੀ ਡਰ ਅਤੇ ਗਲਤ ਜਾਣਕਾਰੀ ਹੈ। ਅਸੀਂ ਆਪਣੇ ਪਬਲਿਕ ਸਕੂਲਾਂ ਵਿੱਚ ਨਾਗਰਿਕ ਸ਼ਾਸਤਰ ਪ੍ਰੋਗਰਾਮਾਂ ਨੂੰ ਫੰਡ ਦੇ ਕੇ ਅਤੇ ਵੋਟਰਾਂ ਦੀ ਅਗਲੀ ਪੀੜ੍ਹੀ ਨੂੰ ਉਤਸ਼ਾਹਿਤ ਅਤੇ ਸ਼ਾਮਲ ਕਰਕੇ ਇਸਦਾ ਸਾਹਮਣਾ ਕਰ ਸਕਦੇ ਹਾਂ। |


## ਫ਼ੌਲੋ ਕਰੋ nyc votes

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ੌਲੋ ਕਰ ਸਕਦੇ ਹੋ**

**@nycvotes**

# ਸਿਟੀ ਕੌਂਸਲ ਡਿਸਟ੍ਰਿਕਟ 37

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਸੈਂਡੀ ਨਰਸ (Sandy Nurse) ✓

**ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ**

- ਇਸਈਆ ਓਰਲੈਂਡੋ ਵੈਗਾ (Isaiah Orlando Vega) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਸੈਂਡੀ ਨਰਸ (Sandy Nurse) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼ ਅਤੇ ਮਕਾਨ-ਮਾਲਕ ਦੀ ਰਾਖੀ
2. ਜਨਤਕ ਸੁਰੱਖਿਆ
3. ਸਥਾਈ ਆਰਥਕ ਵਾਧਾ

*"ਮੈਂ ਆਪਣੇ ਪਿੱਛੇ ਖੜ੍ਹੇ ਜ਼ਮੀਨੀ-ਪੱਧਰ ਨਾਲ ਜੁੜੇ ਗਠਜੋੜ ਨਾਲ ਮਾਣ ਮਹਿਸੂਸ ਕਰ ਰਿਹਾ ਹਾਂ, ਜਿਸ ਵਿੱਚ ਸੰਸਥਾਗਤ ਤਰੱਕੀਪਸੰਦ ਸੰਸਥਾਵਾਂ, ਯੂਨੀਅਨਾਂ, ਪਛਾਣ-ਅਧਾਰਿਤ ਗਰੁਪ, ਵੱਡੇ-ਬਜ਼ੁਰਗ ਅਤੇ 37ਵੀਂ ਡਿਸਟ੍ਰਿਕਟ ਵਿਚਲੇ ਕੰਮਕਾਜੀ ਲੋਕ ਅਤੇ ਪਰਿਵਾਰ ਸ਼ਾਮਿਲ ਹਨ। ਮੇਰੀਆਂ ਬੁਨਿਆਦੀ ਕਦਰਾਂ-ਕੀਮਤਾਂ ਸਤਿਕਾਰ, ਵਡਿਆਈ ਅਤੇ ਸਮੂਹਕ ਪੱਕਾ ਇਰਾਦਾ ਹਨ। ਮੈਂ ਨਿਊਯਾੱਰਕ ਦੇ ਸਾਰੇ ਵਸਨੀਕਾਂ ਲਈ ਬੁਨਿਆਦੀ ਮਨੁੱਖੀ ਸੁਰੱਖਿਆ ਅੱਗੇ ਵਧਾਉਣ ਅਤੇ ਅੱਤ-ਪੱਛੜੇ ਲੋਕਾਂ ਲਈ ਸਤਿਕਾਰ ਯਕੀਨੀ ਬਣਾਉਣ ਲਈ ਕੰਮ ਕਰਦਾ ਹਾਂ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ

**ਪਿਛਲਾ ਕੰਮ-ਧੰਦਾ:** ਸੰਸਥਾਪਕ, ਬੀਕੇ ਆਰਓਟੀ; ਸਹਿ-ਸੰਸਥਾਪਕ, ਮਈਡੇ ਸਪੇਸ; ਕਾਰਪੇਂਟਰ ਇੰਸਟ੍ਰਕਟਰ, ਫਾਰਮ ਸਕੂਲ

**ਸਿੱਖਿਆ:** ਨਿਊ ਸਕੂਲ ਯੂਨੀਵਰਸਿਟੀ - MA ਪ੍ਰੋਗਰਾਮ: ਟਕਰਾਅ ਅਤੇ ਸੁਰੱਖਿਆ ਅਧਿਐਨ; ਇਮੈਨੁਅਲ ਕਾਲਜ - BA: ਡਬਲ ਮੇਜਰ ਰਾਜਨੀਤੀ ਵਿਗਿਆਨ, ਸੰਚਾਰ

**ਸੰਸਥਾਗਤ ਸਬੰਧ:** ਮਈਡੇ ਸਪੇਸ, ਬੀਕੇ ਆਰਓਟੀ, ਵਰਕਿੰਗ ਫੈਮਿਲੀਜ਼ ਪਾਰਟੀ, ਨਿਊ ਕਿੰਗਜ਼ ਡੈਮੋਕਰੇਟਸ, ਸਥਾਨਕ ਤਰੱਕੀ NY

**ਪਹਿਲਾਂ ਦਾ ਸਰਕਾਰੀ ਅਨੁਭਵ:** ਸਿਟੀ ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਇਸਈਆ ਓਰਲੈਂਡੋ ਵੈਗਾ (Isaiah Orlando Vega)

ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਬਣਾਈ ਰੱਖਣੀ
2. ਭਵਿੱਖ ਵਿਚਲੇ ਸਰਕਾਰ ਆਦੇਸ਼ ਰੋਕਣੇ
3. ਆਪਣੇ ਭਾਈਚਾਰਿਆਂ ਅਤੇ ਸੜਕਾਂ ਸਾਫ਼-ਸੁਥਰੀਆਂ ਰੱਖਣੀਆਂ

*"ਸਾਡੇ ਸ਼ਹਿਰ ਫਹਿ-ਢੇਰੀ ਹੋ ਰਹੇ ਹਨ ਅਤੇ ਇਸ ਨੂੰ ਰੋਕਣ ਦਾ ਸਮਾਂ ਆ ਗਿਆ ਹੈ। ਮੈਂ ਪਿਛਲੇ ਕੁਝ ਸਾਲਾਂ ਵਿੱਚ ਆਪਣੇ ਸ਼ਹਿਰ ਵਿੱਚ ਨਿਘਾਰ ਵੇਖਿਆ ਹੈ ਅਤੇ ਅਖ਼ੀਰ ਵਿੱਚ ਐਲਾਨ ਕੀਤਾ ਸੀ ਕਿ ਹੁਣ ਬਹੁਤ ਹੋ ਗਿਆ ਹੈ। ਇਹ ਉਹ ਸ਼ਹਿਰ ਨਹੀਂ ਹੈ, ਜਿੱਥੇ ਮੇਰੀ ਮਾਂ ਪ੍ਰਵਾਸੀ ਵਜੋਂ ਆਈ ਸੀ ਜਾਂ ਜਿੱਥੇ ਮੇਰੀ ਪਰਵਰਿਸ਼ ਹੋਈ ਸੀ।*

*ਜਿਹੜਾ ਚਿਰ-ਚਿਰਾ ਅਮਨੋ-ਅਮਾਨ ਸੀ, ਉਹ ਹੁਣ ਅਫ਼ਰਾ-ਤਫ਼ਰੀ ਪਸੰਦ ਕਰਨ ਵਾਲਿਆਂ – ਮੁਜਰਮਾਂ ਲਈ ਸੁਰਗ ਹੈ, ਜਿਸਦੀ ਅਗਵਾਈ ਇੱਕ ਜ਼ਾਲਮ ਸਰਕਾਰ ਕਰ ਰਹੀ ਹੈ, ਜਿਸਨੇ ਮਿਡਲ-ਕਲਾਸ ਨੂੰ ਖ਼ਤਮ ਕਰਨ 'ਤੇ ਲੱਕ ਬੰਨ੍ਹਿਆ ਹੋਇਆ ਹੈ। ਮੇਰਾ ਕਹਿਣਾ ਹੈ ਕਿ ਹੁਣ ਹੋਰ ਨਹੀਂ ਹੋਣ ਦੇਣਾ। ਜਦ ਤੱਕ ਅਸੀਂ ਆਪਣਾ ਸ਼ਹਿਰ ਵਾਪਸ ਨਹੀਂ ਲੈ ਲੈਂਦੇ ਅਤੇ ਉਸਦੀ ਪੁਨਰ-ਉਸਾਰੀ ਨਹੀਂ ਕਰ ਲੈਂਦੇ, ਮੈਂ ਟਿਕਕੇ ਨਹੀਂ ਬਹਿ ਸਕਦਾ।"*

**ਮੌਜੂਦਾ ਕੰਮ-ਧੰਦਾ:** ਇਸ ਵੇਲੇ ਬੇਰੋਜ਼ਗਾਰ ਹਾਂ

**ਪਿਛਲਾ ਕੰਮ-ਧੰਦਾ:** ਚੋਣ-ਪ੍ਰਚਾਰ ਮੈਨੇਜਰ, ਸਕੂਲ ਵਰਕਰ, ਰਿਟੇਲ ਵਰਕਰ

**ਪੜ੍ਹਾਈ:** BA ਇਤਿਹਾਸ - CUNY ਯਾੱਰਕ ਕਾੱਲਿਜ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਸੈਂਡੀ ਨਰਸ (Sandy Nurse) ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | ਇਸਈਆ ਓਰਲੈਂਡੋ ਵੈਗਾ (Isaiah Orlando Vega) ✓<br>ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ |
|---|---|---|
| **ਅਪਰਾਧ** | ਸਾਡੇ ਭਾਈਚਾਰੇ ਵਿੱਚ ਨੁਕਸਾਨ ਕਈ ਤਰੀਕਿਆਂ ਨਾਲ ਹੁੰਦਾ ਹੈ: ਡੀਡ ਚੋਰੀ, ਗੈਰ-ਕਾਨੂੰਨੀ ਬੇਦਖਲੀ, ਘਰੇਲੂ ਹਿੰਸਾ, ਜਨਤਕ ਪ੍ਰੋਗਰਾਮਾਂ ਵਿੱਚ ਕਟੌਤੀ ਅਤੇ ਹੋਰ ਬਹੁਤ ਕੁਝ। ਮੈਂ ਨੌਜੁਆਨਾਂ ਦੀਆਂ ਸਰਗਰਮੀਆਂ, ਪਰਿਵਾਰਾਂ ਲਈ ਸੇਵਾਵਾਂ ਅਤੇ ਕਿਫ਼ਾਇਤੀ ਰਿਹਾਇਸ਼ ਵਰਗੀਆਂ ਭਾਈਚਾਰਕ ਹਿੰਸਾ ਦੇ ਮੂਲ ਕਾਰਣਾਂ ਨਾਲ ਨਜਿੱਠਣ ਲਈ ਅਜਿਹੇ ਪ੍ਰੋਗਰਾਮਾਂ ਵਿੱਚ ਪੂੰਜੀ ਲਾਉਂਦੀ ਹਾਂ ਅਤੇ ਇਹਨਾਂ ਦੀ ਮਦਦ ਕਰਦੀ ਹਾਂ। | ਇਸ ਬਾਰੇ ਸਾਰਿਆਂ ਨੂੰ ਪਤਾ ਹੈ, ਸਾਰੇ ਇਹ ਗੱਲ ਮਹਿਸੂਸ ਕਰਦੇ ਹਨ ਕਿ – ਜੁਰਮ ਵਧ ਰਿਹਾ ਹੈ। ਸਿਟੀ ਕੌਂਸਲ ਮੈਂਬਰ ਵਜੋਂ, ਮੈਂ ਆਪਣੀ ਪੁਲਿਸ ਦੀ ਹਿਮਾਇਤ ਕਰਾਂਗਾ ਅਤੇ ਉਸ ਤਰੱਕੀਪਸੰਦ ਸੋਚ ਦੇ ਖ਼ਿਲਾਫ਼ ਖੜ੍ਹਾ ਰਹਾਂਗਾ, ਜਿਸਨੇ ਇਹ ਜੁਰਮ-ਹਿਮਾਇਤੀ ਮਾਹੌਲ ਉਸਾਰਿਆ ਹੈ। |
| **ਮਹਿੰਗਾਈ** | ਮਹਿੰਗਾਈ ਸਾਡੇ ਮਜ਼ਦੂਰ ਵਰਗ ਦੇ ਗੁਆਂਢੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਅਤੇ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਸਾਨੂੰ ਮਹਿੰਗਾਈ ਦੇ ਰਹੀਆਂ ਹਨ। ਸਾਨੂੰ ਇੱਕ ਉੱਚ ਘੱਟੋ-ਘੱਟ ਉਜਰਤ ਦੀ ਲੋੜ ਹੈ, ਜੋ ਮਹਿੰਗਾਈ ਨਾਲ ਜੁੜੀ ਹੋਈ ਹੋਵੇ, ਅਤੇ ਕੰਮ ਕਰਨ ਵਾਲੇ ਪਰਿਵਾਰਾਂ ਨੂੰ ਬੇਘਰੇ ਅਤੇ ਗਰੀਬੀ ਦਾ ਅਨੁਭਵ ਕਰਨ ਤੋਂ ਬਚਾਉਣ ਲਈ SNAP ਅਤੇ ਹਾਊਸਿੰਗ ਵਾਊਚਰ ਵਰਗੀਆਂ ਜਨਤਕ ਸਹਾਇਤਾ ਵਿੱਚ ਹੋਰ ਨਿਵੇਸ਼ਾਂ ਦੀ ਲੋੜ ਹੈ। | ਮਹਿੰਗਾਈ ਉਸ ਪੱਧਰ ਤੋਂ ਵੀ ਉਪਰ ਹੈ, ਜਿੱਥੇ ਅਸੀਂ 3-4 ਸਾਲ ਪਹਿਲਾਂ ਸੀ ਅਤੇ ਜਿਹੜੀ ਆਰਥਕ ਖ਼ੁਸ਼ਹਾਲੀ ਅਸੀਂ ਕਦੀ ਮਹਿਸੂਸ ਕਰਦੇ ਸੀ, ਉਹ ਖ਼ਤਮ ਹੋ ਗਈ ਹੈ। ਸਾਨੂੰ ਆਪਣੇ ਸਾਰੇ ਕਾਰੋਬਾਰਾਂ ਨੂੰ 10-ਸਾਲ ਦੀ ਲੀਜ਼ ਦੇਕੇ ਬਚਾਉਣਾ ਅਤੇ ਘੱਟ ਟੈਕਸਾਂ ਨਾਲ ਮਿਡਲ ਕਲਾਸ ਨੂੰ ਮੁੜ-ਸੁਰਜੀਤ ਕਰਨਾ ਚਾਹੀਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਮੈਂ ਸਾਡੇ ਦੇਸ਼ ਵਿੱਚ ਫਾਸ਼ੀਵਾਦ ਦੇ ਉਭਾਰ ਅਤੇ ਇੱਥੇ NYC ਵਿੱਚ ਫਾਸੀਵਾਦੀ ਨਫ਼ਰਤ ਸਮੂਹਾਂ ਦੇ ਉਭਾਰ ਤੋਂ ਬਹੁਤ ਚਿੰਤਤ ਹਾਂ। ਮੈਂ ਵੱਧ ਤੋਂ ਵੱਧ ਲੋਕਾਂ ਨੂੰ ਨਾਗਰਿਕ ਡੈਮੋਕ੍ਰੈਟਿਕ ਪ੍ਰਕਿਰਿਆਵਾਂ ਵਿੱਚ ਸ਼ਾਮਲ ਕਰ ਰਿਹਾ ਹਾਂ। ਅਸੀਂ ਹੁਣ ਇੰਨੇ ਸਾਰੇ ਵਿਛੜੇ ਨਿਊ ਯਾਰਕ ਵਾਸੀਆਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ। | ਲੋਕਰਾਜ ਨੂੰ ਬਚਾਉਣ ਦਾ ਮਤਲਬ ਆਪਣੇ ਸੰਵਿਧਾਨਕ ਹੱਕਾਂ ਦੀ ਰਾਖੀ ਕਰਨਾ ਹੈ। ਬਿਨਾ ਕਿਸੇ ਫ਼ਰਮਾਨ ਦੇ ਅਤੇ ਉਹਨਾਂ ਦੀ ਗੱਲ ਮੰਨਣ ਤੋਂ ਮਨ੍ਹਾ ਕਰਨ 'ਤੇ ਗੁਜ਼ਰ-ਬਸਰ ਦੇ ਡਰ ਤੋਂ ਬਿਨਾ ਸੁਤੰਤਰ ਤੌਰ 'ਤੇ ਰਹਿਣ ਦੇ ਸਮਰੱਥ ਹੋਣਾ। ਅਸੀਂ ਧਾਰਮਿਕ ਅਜ਼ਾਦੀ ਅਤੇ ਆਦੇਸ਼ ਨਾਲ ਨੌਕਰੀ ਤੋਂ ਕੱਢੇ ਗਏ ਲੋਕਾਂ ਨੂੰ ਫਿਰ ਤੋਂ ਨੌਕਰੀ 'ਤੇ ਰੱਖਕੇ ਲੋਕਰਾਜ ਦੀ ਰਾਖੀ ਕਰ ਸਕਦੇ ਹਾਂ। |

# ਸਿਟੀ ਕੌਂਸਲ ਡਿਸਟ੍ਰਿਕਟ 38

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਅਲੈਕਸਾ ਐਵਿਲਸ (Alexa Aviles)

**ਰਿਪਬਲਿਕਨ, ਕੰਜ਼ਰਵੇਟਿਵ**

- ਪੱਲ A ਰੌਡਰਿਗਜ਼ (Paul A Rodriguez)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਅਲੈਕਸਾ ਐਵਿਲਸ (Alexa Aviles)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਪਬਲਿਕ ਸਕੂਲਾਂ ਨੂੰ ਪੂਰੀ ਤਰ੍ਹਾਂ ਫੰਡਿੰਗ।
2. ਸਾਰਿਆਂ ਲਈ ਰਿਹਾਇਸ਼ ਦੀ ਗਾਰੰਟੀ।
3. ਲੋਕ-ਕੇਂਦਰਿਤ ਬਜਟ ਬਣਾਉਣਾ।

*"ਮੈਂ ਆਪਣੇ ਸਮਾਜ ਦੀ ਸੇਵਾ ਤੋਂ ਪ੍ਰੇਰਿਤ ਇੱਕ ਮਾਣਮੱਤੀ ਬੋਰੀਕੁਆ, ਸਿੱਖਿਆ ਆੱਰਗਨਾਈਜ਼ਰ, ਮਾਂ, ਅਤੇ ਡੈਮੋਕ੍ਰੈਟਿਕ ਸੋਸ਼ਲਿਸਟ ਹਾਂ।"*

**ਮੌਜੂਦਾ ਕੰਮ-ਧੰਦਾ:** ਡਿਸਟ੍ਰਿਕਟ 38 ਲਈ ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਮੈਂ ਆਪਣੀ ਜ਼ਿੰਦਗੀ ਲੋਕ-ਭਲਾਈ, ਮੁਨਾਫ਼ਾ ਨਾ ਕਮਾਉਣ ਵਾਲੀਆਂ ਸੰਸਥਾਵਾਂ ਦੇ ਖੇਤਰ ਵਿੱਚ ਕੰਮ ਕਰਦਿਆਂ, ਸਮਾਜਕ ਨਿਆ ਦੇ ਨਾਂ ਲਾ ਦਿੱਤੀ ਹੈ। ਮੈਂ ਇਸ ਕਮਿਊਨਿਟੀ ਵਿੱਚ ਇੱਕ ਕਮਿਊਨਿਟੀ ਮੈਂਬਰ ਅਤੇ ਮਾਪੇ ਪ੍ਰਬੰਧਕ ਹਾਂ, ਸਭ ਤੋਂ ਪਹਿਲਾਂ।

**ਸਿੱਖਿਆ:** ਮਾਸਟਰਸ ਇਨ ਪਬਲਿਕ ਐਡਮਿਨਿਸਟ੍ਰੇਸ਼ਨ, ਬਰੂਚ ਸਕੂਲ ਆੱਫ਼ ਪਬਲਿਕ ਅਫ਼ੇਅਰਸ; ਬੈਚਲਰਸ ਆੱਫ਼ ਆਰਟਸ, ਕੋਲੰਬੀਆ ਕਾੱਲਿਜ ਆੱਫ਼ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਮੈਂ ਡੈਮੋਕ੍ਰੈਟਿਕ ਸੋਸ਼ਲਿਸਟ ਆੱਫ਼ ਅਮਰੀਕਾ'ਜ਼ ਨਿਊਯਾੱਰਕ ਸਿਟੀ ਚੈਪਟਰ।

**ਪਹਿਲਾਂ ਦਾ ਸਰਕਾਰੀ ਅਨੁਭਵ:** 2021 ਵਿੱਚ ਸਿਟੀ ਕੌਂਸਲ ਮੈਂਬਰ ਬਣਨ ਤੋਂ ਪਹਿਲਾਂ, ਮੈਂ ਬਰੂਕਲਿਨ ਭਾਈਚਾਰੇ ਸਬੰਧੀ ਬੋਰਡ 7 ਦੇ ਮੈਂਬਰ, MS 88 ਸਕੂਲ ਲੀਡਰਸ਼ਿਪ ਟੀਮ ਬਾਰੇ ਮਾਤਾ-ਪਿਤਾ ਦੇ ਨੁਮਾਇੰਦੇ, PS 172 ਦੇ PTA ਪ੍ਰੈਜ਼ੀਡੈਂਟ ਅਤੇ NYC ਯੁਥ ਬੋਰਡ ਦੇ ਚੇਅਰਮੈਨ ਵਜੋਂ ਸੇਵਾ ਦਿੱਤੀ ਹੈ।

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਪੱਲ A ਰੌਡਰਿਗਜ਼ (Paul A Rodriguez)

ਰਿਪਬਲਿਕਨ, ਕੰਜ਼ਰਵੇਟਿਵ

**ਮੁੱਖ 3 ਮਸਲੇ:**

1. ਗੁਆਂਢਚਾਰਿਆਂ ਨੂੰ ਫਿਰ ਤੋਂ ਸੁਰੱਖਿਅਤ ਬਣਾਉਣਾ
2. ਵਿਦਿਅਕ ਚੋਣ ਅਤੇ ਮੌਕਿਆਂ ਦਾ ਪਸਾਰ ਕਰਨਾ
3. ਛੋਟੇ ਕਾਰੋਬਾਰਾਂ ਨੂੰ ਰਾਹਤ ਮੁਹੱਈਆ ਕਰਨੀ

*"ਮੈਂ ਸਿਟੀ ਕੌਂਸਲ ਲਈ ਚੋਣ ਲੜ ਰਿਹਾ ਹਾਂ, ਕਿਉਂਕਿ ਸਾਡਾ ਸ਼ਹਿਰ ਵੱਖ ਹੋ ਰਿਹਾ ਹੈ। ਜੁਰਮ ਵਧ ਰਿਹਾ ਹੈ, ਬੇਘਰਾਪਣ ਗੁਆਢਚਾਰੇ ਨੂੰ ਤਬਾਹ ਕਰ ਰਿਹਾ ਹੈ, ਸਕੂਲ ਸਾਡੇ ਬੱਚਿਆਂ ਨੂੰ ਫ਼ੇਲ ਕਰ ਰਹੇ ਹਨ ਅਤੇ ਜ਼ਿੰਦਗੀ ਦੀ ਸਾਡੀ ਕੁਆਲਿਟੀ ਤਬਾਹ ਹੋ ਰਹੀ ਹੈ। ਸਾਨੂੰ ਅਜਿਹੇ ਨਵੇਂ ਲੋਕਾਂ ਨੂੰ ਹੀ ਚੁਣਨਾ ਚਾਹੀਦਾ ਹੈ, ਜੋ ਇਸ ਰੁਝਾਨ ਨੂੰ ਬਦਲਣ ਲਈ ਵਚਨਬੱਧ ਹਨ।"*

**ਮੌਜੂਦਾ ਕੰਮ-ਧੰਦਾ:** ਨੌਨਪ੍ਰੌਫ਼ਿਟ ਡਿਵੈਲਪਮੈਂਟ ਪ੍ਰੋਫ਼ੈਸ਼ਨਲ

**ਪਿਛਲਾ ਕੰਮ-ਧੰਦਾ:** ਬੈਂਕਰ; ਸਟਾੱਕ ਅਤੇ ਕ੍ਰੈਡਿਟ ਅਨੈਲਿਸਟ; ਫ਼ਾਇਨਾਂਸ਼ੀਅਲ ਐਡਵਾਈਜ਼ਰ

**ਸਿੱਖਿਆ:** ਈਕੋਨਾੱਮਿਕਸ ਅਤੇ ਗਲੋਬਲ ਪਾਲਿਸੀ ਸਟੱਡੀਜ਼ ਵਿੱਚ BA, ਜਾੱਰਜੀਆ ਯੂਨੀਵਰਸਿਟੀ; ਈਕੋਨਾੱਮਿਕਸ ਵਿੱਚ ਫ਼ੈਲੋਸ਼ਿਪ, ਸਟੈਨਫ਼ੋਰਡ

**ਸੰਸਥਾਗਤ ਸਬੰਧ:** NYS ਵਾਈਜ਼ ਚੇਅਰਪਰਸਨ, ਰਿਪਬਲਿਕਨ ਨੈਸ਼ਨਲ ਹਿਸਪੈਨਿਕ ਅਸੈਂਬਲੀ; ਸਾਬਕਾ ਬੋਰਡ ਮੈਂਬਰ, ਬਰੂਕਲਿਨ (ਕਿੰਗਸ ਕਾਉਂਟੀ) ਹਿਸਪੈਨਿਕ ਚੈਂਬਰ ਆੱਫ਼ ਕੌਮਰਸ; ਸਾਬਕਾ ਮੈਂਟਰ, ਚਿਲਡ੍ਰਨ'ਸ ਏਡ

**ਪਹਿਲਾਂ ਦਾ ਸਰਕਾਰੀ ਅਨੁਭਵ:** ਉਮੀਦਵਾਰ, NYS ਕੰਪਟ੍ਰੋਲਰ (2022); ਉਮੀਦਵਾਰ, NYC ਕੰਪਟ੍ਰੋਲਰ (2021); ਉਮੀਦਵਾਰ, US ਹਾਉਸ ਆੱਫ਼ ਰਿਪ੍ਰੇਜ਼ੈਨਟੇਟਿਵ -NY12 (2004); ਪ੍ਰੈਜ਼ੀਡੈਂਟ, NY ਯੰਗ ਰਿਪਬਲਿਕਨ ਕਲੱਬ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਸਕੈਨ ਕਰੋ ਜਾਂ**
**punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਅਲੈਕਸਾ ਐਵਿਲਸ (Alexa Aviles)** ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | **ਪੌੱਲ A ਰੌਡਰਿਗਜ਼ (Paul A Rodriguez)** ✓<br>ਰਿਪਬਲਿਕਨ, ਕੰਜ਼ਰਵੇਟਿਵ |
|---|---|---|
| **ਅਪਰਾਧ** | ਸਾਨੂੰ ਗਰੀਬੀ ਅਤੇ ਬੇਰੁਜ਼ਗਾਰੀ ਵਰਗੀਆਂ ਹਾਲਤਾਂ ਨੂੰ ਘਟਾਉਣ ਲਈ ਨਿਵੇਸ਼ ਕਰਨਾ ਚਾਹੀਦਾ ਹੈ ਜੋ ਅਪਰਾਧ ਵੱਲ ਲੈ ਜਾਂਦੇ ਹਨ। ਅਸੀਂ ਸੋਸ਼ਲ ਵਰਕਰਾਂ, ਸਿੱਖਿਅਕਾਂ ਅਤੇ ਸਿਹਤ ਸੰਭਾਲ ਪ੍ਰਦਾਤਾਵਾਂ ਦੇ ਕੰਮ ਕਰਨ ਲਈ ਪੁਲਿਸ ਅਤੇ ਜੇਲ੍ਹਾਂ ਦੀ ਵਰਤੋਂ ਕਰਦੇ ਹਾਂ। ਸਾਨੂੰ ਸਬੂਤ-ਆਧਾਰਿਤ ਪ੍ਰੋਗਰਾਮਾਂ ਦੀ ਲੋੜ ਹੈ ਜੋ ਲੋਕਾਂ ਨੂੰ ਸਥਿਰ ਕਰਦੇ ਹਨ ਅਤੇ ਉਹਨਾਂ ਨੂੰ ਉਹ ਦਿੰਦੇ ਹਨ ਜੋ ਉਹਨਾਂ ਦੀ ਲੋੜ ਹੁੰਦੀ ਹੈ। | ਸਮਾਜਕ ਅਤੇ ਆਰਥਕ ਖ਼ੁਸ਼ਹਾਲੀ ਜਨਤਕ ਸੁਰੱਖਿਆ ਦੀ ਬੁਨਿਆਦ ਹੈ। ਮੈਂ ਬਿਨਾ ਪੈਸਿਆਂ ਦੇ ਜ਼ਮਾਨਤ ਅਤੇ ਪੁਲਿਸ ਨੂੰ ਡਿਫ਼ੰਡ ਕੀਤੇ ਜਾਣ ਲਈ ਗੁਮਰਾਹ ਕਰਨ ਵਾਲੀਆਂ ਪਾੱਲਿਸੀਆਂ ਪਰਤਾਉਣ ਲਈ ਜੱਦੋ-ਜਹਿਦ ਕਰਾਂਗਾ। ਇਸਦੀ ਥਾਂ, ਸਾਨੂੰ ਪੁਲਿਸ ਅਤੇ ਮੁਜਰਿਮਾਂ ਨੂੰ ਫੜੋ ਅਤੇ ਜੇਲ੍ਹ ਵਿੱਚ ਪਾਓ ਦੀ ਹਿਮਾਇਤ ਕਰਨ ਵਾਲੀਆਂ ਪਾੱਲਿਸੀਆਂ 'ਤੇ ਹੀ ਮੁੜਣਾ ਚਾਹੀਦਾ ਹੈ। |
| **ਮਹਿੰਗਾਈ** | ਹਾਲ ਹੀ ਦੇ ਸਾਲਾਂ ਵਿੱਚ ਕਰਿਆਨੇ ਅਤੇ ਕਿਰਾਏ ਦੀ ਲਾਗਤ ਅਸਮਾਨ ਨੂੰ ਛੂਹ ਗਈ ਹੈ, ਵੱਡੇ ਕਾਰੋਬਾਰਾਂ ਨੇ ਬੇਮਿਸਾਲ ਪੱਧਰਾਂ 'ਤੇ ਮੁਨਾਫਾ ਕਰਨਾ ਜਾਰੀ ਰੱਖਿਆ ਹੈ। ਸਾਨੂੰ ਕਾਰਪੋਰੇਟ ਲਾਲਚ ਵਿੱਚ ਰਾਜ ਕਰਨ ਅਤੇ ਬਿਹਤਰ ਤਨਖ਼ਾਹਾਂ ਅਤੇ ਲਾਭਾਂ ਲਈ ਕੰਮ ਵਾਲੀ ਥਾਂ ਦਾ ਸਮਰਥਨ ਕਰਨ ਦੀ ਲੋੜ ਹੈ। | ਦਹਾਕਿਆਂ ਵਿੱਚ ਸਭ ਤੋਂ ਵੱਧ ਮਹਿੰਗਾਈ ਨੇ ਭੋਜਨ ਤੋਂ ਲੈਕੇ ਕਾਗਜ਼ ਤੋਂ ਲੈਕੇ ਉਸਾਰੀ ਨਾਲ ਜੁੜੀ ਸਮਗ੍ਰੀ, ਹਰ ਚੀਜ਼ ਮਹਿੰਗੀ ਹੋ ਗਈ ਹੈ। ਕੀਮਤਾਂ ਵਿੱਚ ਵਾਧੇ ਅਨੁਸਾਰ ਤਨਖ਼ਾਹਾਂ ਅਤੇ ਮਜ਼ਦੂਰੀ ਨਹੀਂ ਵਧੀ, ਗੁਜ਼ਰ-ਬਸਰ ਦੀ ਸਾਡੀ ਲਾਗਤ ਬਦਤਰ ਹੋ ਰਹੀ ਹੈ। ਬਹੁਤ ਜ਼ਿਆਦਾ ਟੈਕਸ ਜਾਂ ਵਿਆਜ ਦੀਆਂ ਦਰਾਂ ਹੱਲ ਨਹੀਂ ਹਨ, ਸਿਰਫ਼ ਸਰਕਾਰੀ ਖ਼ਰਚਿਆਂ ਵਿੱਚ ਕਟੌਤੀ ਹੁੰਦੀ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਸਾਨੂੰ ਸਥਾਨਕ ਨਾਗਰਿਕ ਸ਼ਮੂਲੀਅਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਫੰਡਾਂ ਨੂੰ ਵਧਾਉਣਾ ਚਾਹੀਦਾ ਹੈ ਜੋ ਸਾਲ ਭਰ ਜਨਤਕ ਸਿੱਖਿਆ, ਜਾਗਰੂਕਤਾ ਅਤੇ ਸਰਗਰਮੀ ਵਿੱਚ ਸ਼ਾਮਲ ਹੋਵੇਗਾ। ਇਸ ਵਿੱਚ ਕੁਆਲਿਟੀ ਪੋਲ ਵਰਕਰਾਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣ ਲਈ ਸਰੋਤ ਪ੍ਰਦਾਨ ਕਰਨਾ ਸ਼ਾਮਲ ਹੈ। | ਕਈ ਤਰੱਕੀਪਸੰਦ ਲੋਕਾਂ ਦਾ ਮੰਨਣਾ ਹੈ ਕਿ ਲੋਕਰਾਜ ਨੂੰ ਬਚਾਉਣ ਲਈ ਤੁਹਾਨੂੰ ਬੋਲਣ ਦੀ ਅਜ਼ਾਦੀ ਅਤੇ ਸੰਵਿਧਾਨ ਨੂੰ ਕਮਜ਼ੋਰ ਕਰਨਾ ਪਏਗਾ। ਉਹ ਗ਼ਲਤ ਹਨ। ਵਿਚਾਰਾਂ ਦੀ ਅਜ਼ਾਦ ਅਤੇ ਖੁੱਲ੍ਹੀ ਆਪਸੀ ਗੱਲਬਾਤ ਰਾਹੀਂ, ਭਾਵੇਂ ਉਹ ਕਿੰਨੀ ਵੀ ਇਤਰਾਜ਼ ਵਾਲੀ ਜਾਂ ਸਮੱਸਿਆ ਵਾਲੀ ਕਿਉਂ ਨਾ ਹੋਵੇ, ਲੋਕਰਾਜ ਜ਼ੁਲਮ ਤੋਂ ਬਚ ਸਕਦਾ ਹੈ। |

# ਸਿਟੀ ਕੌਂਸਲ ਡਿਸਟ੍ਰਿਕਟ 39

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਸ਼ਾਹਾਨਾ K ਹਨੀਫ਼ (Shahana K Hanif) ✓

**ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ**

- ਅਰਕਾਡੁਜ਼ T ਤੋਮਾਸਜ਼ਸਕੀ (Arkadiusz T Tomaszewski) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਸ਼ਾਹਾਨਾ K ਹਨੀਫ਼ (Shahana K Hanif) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਸਾਡੇ ਪਬਲਿਕ ਸਕੂਲਾਂ ਨੂੰ ਪੂਰੀ ਤਰ੍ਹਾਂ ਫੰਡ ਦਿਓ
2. ਪੈਦਲ ਅਤੇ ਸਾਈਕਲ ਸਵਾਰ ਗਲੀ ਸੁਰੱਖਿਆ
3. ਮਾਨਸਿਕ ਸਿਹਤ ਸੇਵਾਵਾਂ ਦਾ ਵਿਸਤਾਰ ਕਰੋ

*"ਮੈਂ ਵਰਕਿੰਗ ਫ਼ੈਮਿਲੀਜ਼ ਪਾਰਟੀ ਵਲੋਂ ਪੁਸ਼ਟੀਸ਼ੁਦਾ ਉਮੀਦਵਾਰ ਹਾਂ। ਦਫ਼ਤਰ ਸੰਭਾਲਣ ਤੋਂ ਬਾਅਦ, ਮੈਂ ਇਮੀਗ੍ਰੇਸ਼ਨ ਕਮੇਟੀ ਦੇ ਚੇਅਰਪਰਸਨ ਅਤੇ ਪ੍ਰੋਗਰੈਸਿਵ ਸਿਆਸੀ ਧੜਾ ਦੇ ਸਹਿ-ਚੇਅਰਪਰਸਨ ਵਜੋਂ ਸੇਵਾ ਦੇ ਰਿਹਾ ਹਾਂ। ਰੋਅ ਬਨਾਮ ਵੇਡ ਦਾ ਕੇਸ ਪਲਟਣ ਤੋਂ ਬਾਅਦ ਦੇ ਦਿਨਾਂ ਵਿੱਚ, ਮੇਰੀ ਟੀਮ ਅਤੇ ਮੈਂ ਗਰਭਪਾਤ ਦੇ ਅਮਲਾਂ ਅਤੇ ਵਿਹਾਰਕ ਸਹਾਇਤਾ ਲਈ $1M ਫ਼ੰਡਿੰਗ ਹਾਸਿਲ ਕੀਤੀ ਹੈ। ਇੱਕ ਮਿਉਂਸਿਪੈਲਿਟੀ ਵਲੋਂ ਪ੍ਰਾਪਤ ਕੀਤੀ ਗਈ ਇਹ ਸਭ ਤੋਂ ਵੱਡੀ ਪੂੰਜੀਕਾਰੀ ਹੈ। ਮੈਂ ਬਿਨਾ ਦਸਤਾਵੇਜ਼ਾਂ ਵਾਲੇ ਪਰਿਵਾਰਾਂ ਲਈ ਬਾਲ-ਸੰਭਾਲ ਵਾਸਤੇ $10M ਵੀ ਮੁਹੱਈਆ ਕਰਾਏ ਹਨ। ਮੇਰਾ ਦਫ਼ਤਰ ਅਤੇ ਮੈਂ ਡਿਸਟ੍ਰਿਕਟ ਵਿਚਲੇ ਵੰਨ-ਸੁਵੰਨੇ ਮੁੱਦਿਆਂ ਅਤੇ ਭਾਈਚਾਰਿਆਂ ਲਈ ਮੌਜੂਦ ਅਤੇ ਜਵਾਬਦੇਹ ਹਾਂ।"*

**ਮੌਜੂਦਾ ਕੰਮ-ਧੰਦਾ:** ਉਮੀਦਵਾਰ

**ਪਿਛਲਾ ਕੰਮ-ਧੰਦਾ:** ਕੌਂਸਲ ਮੈਂਬਰ ਬਰੈਡ ਲੈਂਡਰ (Brad Lander) ਦੇ ਦਫ਼ਤਰ ਵਿਖੇ ਆੱਰਗਨਾਈਜ਼ਿੰਗ ਐਂਡ ਕਮਿਊਨਿਟੀ ਸ਼ਮੂਲੀਅਤ ਬਾਰੇ ਡਾਇਰੈਕਟਰ

**ਸਿੱਖਿਆ:** CUNY ਬਰੁਕਲਿਨ ਕਾਲਜ

**ਸੰਸਥਾਗਤ ਸਬੰਧ:** ਵਰਕਿੰਗ ਫੈਮਿਲੀਜ਼ ਪਾਰਟੀ, ਸਨਰਾਈਜ਼ NYC

**ਪਹਿਲਾਂ ਦਾ ਸਰਕਾਰੀ ਅਨੁਭਵ:** ਸਾਬਕਾ ਕਮਿਊਨਿਟੀ ਬੋਰਡ 12 ਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਅਰਕਾਡੁਜ਼ T ਤੋਮਾਸਜ਼ਸਕੀ (Arkadiusz T Tomaszewski)

ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਆਪਣੇ ਸੰਵਿਧਾਨਕ ਹੱਕਾਂ ਦੀ ਰਾਖੀ ਕਰਨਾ
2. ਮੈਡੀਕਲ ਫ਼੍ਰੀਡਮ ਦੀ ਚੋਣ ਨੂੰ ਯਕੀਨੀ ਬਣਾਉਣਾ
3. ਜੁਰਮ ਘਟਾਉਣ ਲਈ NYPD ਦੀ ਹਿਮਾਇਤ ਕਰਨਾ

*"ਮੈਂ ਇੱਕ ਕਾਰਕੁਨ ਅਤੇ ਪ੍ਰਬੰਧਕ ਦੇ ਤੌਰ 'ਤੇ 30 ਸਾਲ ਤੋਂ ਬਰੁਕਲਿਨ ਦਾ ਵਸਨੀਕ ਹਾਂ। ਇਹ ਸਾਰੇ ਸਬੰਧਿਤ ਨਾਗਰਿਕਾਂ ਲਈ ਸਿਆਸੀ ਤੌਰ 'ਤੇ ਜੁੜਣ ਦਾ ਸਮਾਂ ਹੈ; ਮੈਂ ਲੋਕ-ਭਲਾਈ ਲਈ ਅਸਲ ਤਬਦੀਲੀ ਲਿਆਉਣ, ਆਪਣੇ ਹੱਕਾਂ ਦੀ ਰਾਖੀ ਕਰਨ ਅਤੇ ਲੀਡਰਸ਼ਿਪ ਮੁਹੱਈਆ ਕਰਨਾ ਚਾਹੁੰਦਾ ਹਾਂ।"*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਤਰਖਾਣ

**ਸਿੱਖਿਆ:** ਮਕੈਨਿਕ ਡਿਪਲੋਮਾ (ਪੋਲੈਂਡ)

**ਸੰਸਥਾਗਤ ਸਬੰਧ:** ਨੈਸ਼ਨਲ ਮੋਬਲਾਈਜ਼ੇਸ਼ਨ ਅਗੇਨਸਟ ਸਵੈਟਸ਼ਾੱਪ; ਮੈਡੀਕਲ ਫ਼੍ਰੀਡਮ ਅਲਾਇੰਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਸ਼ਾਹਾਨਾ K ਹਨੀਫ਼ (Shahana K Hanif)** ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | **ਅਰਕਾਡੁਜ਼ T ਤੋਮਾਸਜ਼ਸਕੀ (Arkadiusz T Tomaszewski)** ✓<br>ਰਿਪਬਲਿਕਨ, ਕੰਜ਼ਰਵੇਟਿਵ, ਮੈਡੀਕਲ ਫਰੀਡਮ |
|---|---|---|
| **ਅਪਰਾਧ** | ਮੈਂ ਉਹਨਾਂ ਸਾਧਨਾਂ ਨਾਲ ਜਨਤਕ ਸੁਰੱਖਿਆ ਨੂੰ ਸੰਬੋਧਿਤ ਕਰਨ ਲਈ ਵਚਨਬੱਧ ਹਾਂ ਜੋ ਸੁਰੱਖਿਆ ਦੀ ਦਿੱਖ ਦੇਣ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਦੇ ਹਨ। ਸਾਨੂੰ ਬੰਦੂਕ ਵਾਲੀ ਹਿੰਸਾ ਨਾਲ ਨਜਿੱਠਣ ਲਈ ਭਾਈਚਾਰਕ-ਕੇਂਦਰਿਤ ਹੱਲ ਕੱਢਣ ਦੀ ਲੋੜ ਹੈ। ਸਾਨੂੰ ਜੁਰਮ ਦੇ ਮੂਲ ਕਾਰਣਾਂ ਨਾਲ ਨਜਿੱਠਣ ਲਈ ਰਿਹਾਇਸ਼, ਸਿਹਤ-ਸੰਭਾਲ ਅਤੇ ਪੜ੍ਹਾਈ ਵਿੱਚ ਵੀ ਵਾਕਈ ਪੂੰਜੀ ਲਾਉਣੀ ਚਾਹੀਦੀ ਹੈ। | ਜੁਰਮ ਘਟਾਉਣ ਲਈ, ਮੈਂ ਆਪਣੇ ਗੁਆਂਢਚਾਰੇ ਨੂੰ ਛੋਟੇ ਕਾਰੋਬਾਰਾਂ ਅਤੇ ਨੌਕਰੀਆਂ ਸਿਰਜਣ ਵਿੱਚ ਮਦਦ ਕਰਨ 'ਤੇ ਧਿਆਨ ਲਾਵਾਂਗਾ, ਤਾਂਜੋ ਹਰ ਕਿਸੇ ਨੂੰ ਸਾਰਥਕ ਅਤੇ ਤਸੱਲੀਬਖ਼ਸ਼ ਕੰਮ ਮਿਲ ਸਕੇ। |
| **ਮਹਿੰਗਾਈ** | ਕੰਮਕਾਜੀ ਪਰਿਵਾਰਾਂ, ਕੰਮਕਾਜੀ ਸ਼੍ਰੇਣੀ ਦੇ ਲੋਕਾਂ ਨੂੰ ਮਹਿੰਗਾਈ ਅਤੇ ਸਖ਼ਤ ਬਜਟਾਂ ਨਾਲ ਬਾਹਰ ਧੱਕਿਆ ਜਾ ਰਿਹਾ ਹੈ। ਮੈਂ ਮਜ਼ਬੂਤ ਸਮਾਜਿਕ ਸੇਵਾਵਾਂ, ਕਿਫਾਇਤੀ ਰਿਹਾਇਸ਼, ਅਤੇ ਸਾਡੇ ਪਬਲਿਕ ਸਕੂਲਾਂ ਅਤੇ CUNY ਲਈ ਪੂਰੀ ਫੰਡਿੰਗ ਨੂੰ ਮਜ਼ਬੂਤ ਕਰਨ ਲਈ ਲੜ ਰਿਹਾ ਹਾਂ। ਮੈਂ ਮਾਣ ਨਾਲ ਜੁੜੇ ਸ਼ਹਿਰ ਨੂੰ ਪ੍ਰਦਾਨ ਕਰਨ ਲਈ ਵਚਨਬੱਧ ਹਾਂ। | 2020 ਦੀ ਸ਼ੁਰੂਆਤ ਤੋਂ, ਫ਼ੈਡਰਲ ਰਿਜ਼ਰਵ ਨੇ ਖਰਬਾਂ ਡਾੱਲਰ ਛਾਪੇ ਹਨ, ਜਿਹਨਾਂ ਨਾਲ ਸਾਡੀ ਕਰੰਸੀ ਦੀ ਕੀਮਤ ਘਟ ਗਈ ਹੈ, ਜਦਕਿ NYC ਵਿੱਚ ਛੋਟੇ ਕਾਰੋਬਾਰ ਬੰਦ ਹੋ ਗਏ ਸੀ। |
| **ਲੋਕਰਾਜ ਦੀ ਰਾਖੀ ਕਰਨਾ** | ਲੋਕਤੰਤਰ ਦੀ ਰੱਖਿਆ ਲਈ ਸਰਕਾਰ ਨੂੰ ਹੋਰ ਪਾਰਦਰਸ਼ੀ ਬਣਾਉਣ ਦੀ ਲੋੜ ਹੈ। ਮੈਂ ਭਾਗੀਦਾਰੀ ਵਾਲੇ ਬਜਟ (PB) ਦੀ ਅਗਵਾਈ ਕਰਦਾ ਹਾਂ ਜੋ ਜਨਤਕ ਫੰਡਾਂ 'ਤੇ ਸ਼ਕਤੀ ਦਾ ਡੈਮੋਕ੍ਰੈਟਿਕਕਰਨ ਕਰਦਾ ਹੈ, ਅਤੇ ਇਸ ਦੇ ਨਤੀਜੇ ਵਜੋਂ ਸਾਡੇ ਸਕੂਲਾਂ, ਗਲੀਆਂ, ਅਤੇ ਪਾਰਕਾਂ ਲਈ ਮਹੱਤਵਪੂਰਨ ਅਤੇ ਰਚਨਾਤਮਕ ਪੁਨਰ-ਨਿਵੇਸ਼ ਹੋਇਆ ਹੈ, ਜਿਸਦੀ ਕਲਪਨਾ ਕੀਤੀ ਗਈ ਹੈ ਅਤੇ ਲੋਕਾਂ ਦੁਆਰਾ ਵੋਟ ਦਿੱਤੀ ਗਈ ਹੈ। | ਸੰਵਿਧਾਨ ਦੀ ਰਾਖੀ ਕੀਤੇ ਬਿਨਾ ਅਸੀਂ ਲੋਕਰਾਜ ਨਹੀਂ ਉਸਾਰ ਸਕਦੇ। |

# ਉਮੀਦਵਾਰ ਦੇ ਵੀਡੀਓ ਵੇਖੋ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ!
ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ
ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

ਸਕੈਨ ਕਰੋ ਜਾਂ
**punjabi.nycvotes.org/candidates** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 40

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਰੀਟਾ C ਜੋਸੇਫ (Rita C Joseph) ✓

**ਮੈਡੀਕਲ ਫਰੀਡਮ**

- ਡੈਨੀਅਲ B ਲਾਲੀ (Daniel B Lally)*

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਹੋਣ ਲਈ ਸਮੇਂ-ਸਿਰ ਮੁਕੰਮਲ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ।



## ਰੀਟਾ C ਜੋਸੇਫ (Rita C Joseph) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਜਨਤਕ ਸਿੱਖਿਆ ਨੂੰ ਪੂਰੀ ਤਰ੍ਹਾਂ ਫੰਡ ਕਰੋ
2. ਜਨਤਕ ਸੁਰੱਖਿਆ ਦੇ ਆਲੇ-ਦੁਆਲੇ ਜਵਾਬਦੇਹੀ ਵਧਾਓ
3. ਗਲੀ ਅਤੇ ਜ਼ਿਲ੍ਹਾ ਪੱਧਰੀ ਸਫਾਈ ਦਾ ਵਿਸਤਾਰ ਕਰੋ

*"ਦਫ਼ਤਰ ਵਿੱਚ ਮੈਂ ਸਿਰਫ਼ 2 ਸਾਲ ਵਿੱਚ ਲਾਇਬ੍ਰੇਰੀਆਂ, ਤਕਨਾਲੌਜੀ ਅਤੇ ਸਕੂਲ ਤੋਂ ਬਾਅਦ ਦੀ ਪ੍ਰੋਗਰਾਮਿੰਗ ਵਿੱਚ ਸੁਧਾਰ ਰਾਹੀਂ ਆਪਣੇ ਪਬਲਿਕ ਸਕੂਲਾਂ ਲਈ ਰਕਮਾਂ ਵਧਾਉਣ ਦੇ ਸਮਰੱਥ ਰਹੀ ਹਾਂ। ਮੇਰਾ ਦਫ਼ਤਰ ਵੱਡੇ-ਬਜ਼ੁਰਗਾਂ ਲਈ ਭਾਈਚਾਰਕ ਪ੍ਰੋਗਰਾਮਿੰਗ ਦਾ ਪਸਾਰ ਕਰਨ, ਛੋਟੇ ਕਾਰੋਬਾਰਾਂ ਦੀ ਰਾਖੀ ਕਰਨ ਲਈ ਕਾਰਵਾਈਆਂ ਪਾਸ ਕਰਨ ਅਤੇ ਹੋਰ ਹਰੀਆਂ-ਭਰੀਆਂ ਥਾਵਾਂ ਵਿੱਚ ਪੂੰਜੀ ਲਾਉਣ ਦੇ ਵੀ ਸਮਰੱਥ ਰਿਹਾ ਹੈ। ਮਾਂ ਵਜੋਂ, ਮਾਂ ਦੀ ਸਿਹਤ ਵਿੱਚ ਸਾਡੀ ਪੂੰਜੀਕਾਰੀ ਲਾਉਣੀ ਵੀ ਮੇਰੇ ਲਈ ਬਹੁਤ ਅਹਿਮ ਰਹੀ ਹੈ। ਸਾਡੇ ਵਲੋਂ ਕੀਤੀ ਗਈ ਤਰੱਕੀ ਤੋਂ ਮੈਂ ਉਤਸਾਹਿਤ ਹਾਂ ਅਤੇ ਕੰਮ ਜਾਰੀ ਰੱਖਣ ਲਈ ਤਿਆਰ-ਬਰ-ਤਿਆਰ ਹਾਂ।"*

**ਮੌਜੂਦਾ ਕੰਮ-ਧੰਦਾ:** ਨਿਊਯਾਰਕ ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਸਿੱਖਿਅਕ, PS6 ਬਰੁਕਲਿਨ

**ਸਿੱਖਿਆ:** ਬੈਚਲਰ ਆਫ਼ ਸਾਇੰਸ - ਸੇਂਟ ਫਰਾਂਸਿਸ ਕਾਲਜ ਡਿਊਲ ਮਾਸਟਰਜ਼ ਇਨ ਜਨਰਲ ਅਤੇ ਸਪੈਸ਼ਲ ਐਜੂਕੇਸ਼ਨ - ਟੂਰੋ ਕਾਲਜ

**ਸੰਸਥਾਗਤ ਸਬੰਧ:** UFT

**ਪਹਿਲਾਂ ਦਾ ਸਰਕਾਰੀ ਅਨੁਭਵ:** ਮੈਂ ਨੇਬਰਹੁੱਡ ਐਡਵਾਈਜ਼ਰੀ ਬੋਰਡ ਦੇ ਚੇਅਰ ਵਜੋਂ ਸੇਵਾ ਕੀਤੀ। ਮੈਂ ਸ਼ਹਿਰ ਭਰ ਵਿੱਚ ਭਾਗੀਦਾਰੀ ਬਜਟ ਕਮੇਟੀ ਵਿੱਚ ਸੇਵਾ ਕਰਦੀ ਹਾਂ।

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਰੀਟਾ C ਜੋਸੇਫ (Rita C Joseph) ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | ਡੈਨੀਅਲ B ਲਾਲੀ (Daniel B Lally)*<br>ਮੈਡੀਕਲ ਫਰੀਡਮ |
|---|---|---|
| **ਅਪਰਾਧ** | ਸਾਨੂੰ NYC ਵਿੱਚ ਅਪਰਾਧ ਨਾਲ ਨਜਿੱਠਣ ਲਈ ਇੱਕ ਸੰਪੂਰਨ ਪਹੁੰਚ ਦੀ ਲੋੜ ਹੈ। ਕਮਿਊਨਿਟੀ ਪੁਲਿਸਿੰਗ ਨੂੰ ਵਧਾਉਣ ਅਤੇ NYPD ਨੂੰ ਜਵਾਬਦੇਹ ਰੱਖਣ ਦੇ ਨਾਲ-ਨਾਲ, ਸਾਨੂੰ ਬੁਨਿਆਦੀ ਮੁੱਦਿਆਂ - ਸਿੱਖਿਆ, ਨੌਕਰੀਆਂ, ਮਾਨਸਿਕ ਸਿਹਤ, ਅਤੇ ਹੋਰ ਬਹੁਤ ਕੁਝ ਨੂੰ ਹੱਲ ਕਰਨ ਲਈ ਮੁੱਦਿਆਂ ਅਤੇ ਭਾਈਚਾਰਕ ਪ੍ਰੋਗਰਾਮਾਂ ਨੂੰ ਹੱਲ ਕਰਨ ਲਈ ਨਵੇਂ ਵਿਕਲਪਾਂ ਦੀ ਲੋੜ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਮੈਂ ਰਾਜ ਅਤੇ ਸੰਘੀ ਸਰਕਾਰਾਂ ਵਿੱਚ ਆਪਣੇ ਸਹਿਯੋਗੀਆਂ ਨਾਲ ਕੰਮ ਕਰਨ ਦੀ ਯੋਜਨਾ ਬਣਾ ਰਹੀ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਜਿੱਥੇ ਵੀ ਸੰਭਵ ਹੋਵੇ ਰਾਹਤ ਪ੍ਰਦਾਨ ਕਰ ਰਹੇ ਹਾਂ ਤਾਂ ਜੋ ਕੰਮ ਕਰਨ ਵਾਲੇ ਪਰਿਵਾਰਾਂ ਦੀ ਰੋਜ਼ਾਨਾ ਜ਼ਿੰਦਗੀ ਜਿਵੇਂ ਕਿ ਕਰਿਆਨੇ, ਰਿਹਾਇਸ਼, ਆਵਾਜਾਈ, ਅਤੇ ਹੋਰ ਬਹੁਤ ਕੁਝ ਬਰਦਾਸ਼ਤ ਕਰਨ ਵਿੱਚ ਮਦਦ ਕੀਤੀ ਜਾ ਸਕੇ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਸਾਡਾ ਲੋਕਤੰਤਰ ਇਸ ਦੇਸ਼ ਭਰ ਵਿੱਚ ਰਿਪਬਲਿਕਨਾਂ ਦੇ ਹਮਲੇ ਹੇਠ ਹੈ। ਨਿਊਯਾਰਕ ਨੂੰ ਸਾਰੇ ਨਿਊਯਾਰਕ ਵਾਸੀਆਂ ਲਈ ਵੋਟਿੰਗ ਦੇ ਹੱਕ ਦੇ ਵਿਸਤਾਰ ਅਤੇ ਸੁਰੱਖਿਆ ਕਰਕੇ ਲੋਕਤੰਤਰ ਲਈ ਇੱਕ ਬੀਕਨ ਵਜੋਂ ਖੜ੍ਹਾ ਹੋਣਾ ਚਾਹੀਦਾ ਹੈ। ਸਾਨੂੰ ਜਲਦੀ ਵੋਟਿੰਗ, ਗੈਰਹਾਜ਼ਰ ਵੋਟਿੰਗ, ਉਸੇ ਦਿਨ ਦੀ ਰਜਿਸਟ੍ਰੇਸ਼ਨ, ਅਤੇ ਹੋਰ ਬਹੁਤ ਕੁਝ ਦਾ ਵਿਸਤਾਰ ਕਰਨਾ ਚਾਹੀਦਾ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਸਿਟੀ ਕੌਂਸਲ ਡਿਸਟ੍ਰਿਕਟ 41

**ਲੋਕਰਾਜੀ**

- ਡਾਰਲਿਨ ਮੀਲੀ (Darlene Mealy)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਡਾਰਲਿਨ ਮੀਲੀ (Darlene Mealy)

ਲੋਕਰਾਜੀ

**ਮੁੱਖ 3 ਮਸਲੇ:**

1. ਭੋਜਨ ਅਸੁਰੱਖਿਆ
2. ਅਪਰਾਧ
3. ਕਿਫ਼ਾਇਤੀ ਰਿਹਾਇਸ਼ & ਛੋਟੇ ਕਾਰੋਬਾਰ

*"ਮੇਰੇ ਕੋਲ 41ਵੀਂ ਕੌਂਸਲ ਡਿਸਟ੍ਰਿਕਟ ਦੇ ਨੌਜੁਆਨਾਂ, ਬਾਲਗ਼ਾਂ ਅਤੇ ਵੱਡੇ-ਬਜ਼ੁਰਗ ਨਾਗਰਿਕਾਂ ਦੀ ਜ਼ਿੰਦਗੀ ਵਿੱਚ ਉਸਾਰੂ ਤਬਦੀਲੀ ਦੀ ਮੋਢੀ ਹੋਣ ਦੇ ਪੁਸ਼ਟੀਸ਼ੁਦਾ ਨਤੀਜਿਆਂ ਨਾਲ ਸਰਕਾਰੀ ਦਫ਼ਤਰ ਦਾ 12 ਸਾਲ ਤੋਂ ਵੱਧ ਦਾ ਅਨੁਭਵ ਹੈ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਨਿਊਯਾਰਕ ਸਿਟੀ ਟ੍ਰਾਂਜ਼ਿਟ ਅਥਾੱਰਿਟੀ, DC 37

**ਪੜ੍ਹਾਈ:** ਜਾੱਰਜ W. ਵਿੰਗੇਟ, ਹਾਈ ਸਕੂਲ, ਮੈਨਹਟਨ ਕਮਿਉਨਿਟੀ ਕਾੱਲਿਜ ਦੀ ਬਰੋ, ਕੌਰਨਲ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਬਰੂਕਲਿਨ ਡੈਮੋਕ੍ਰੈਟਿਕ ਪਾਰਟੀ ਐਗਜ਼ੀਕਿਉਟਿਵ ਕਮੇਟੀ, ਨਿਊ ਗ੍ਰਾਸਰੂਟਸ ਡੈਮੋਕ੍ਰੈਟਿਕ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊਯਾੱਰਕ ਸਿਟੀ ਕੌਂਸਲ ਮੈਂਬਰ 41ਵੀਂ ਡਿਸਟ੍ਰਿਕਟ, 3 ਮਿਆਦਾਂ, ਨਿਊਯਾੱਰਕ ਸਟੇਟ- ਸਟੇਟ ਕਮੇਟੀਵੂਮੈਨ ਅਤੇ ਔਰਤ ਡਿਸਟ੍ਰਿਕਟ ਲੀਡਰ, 55ਵੀਂ ਵਿਧਾਨਸਭਾ ਡਿਸਟ੍ਰਿਕਟ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਡਾਰਲਿਨ ਮੀਲੀ (Darlene Mealy)** ✓<br>ਲੋਕਰਾਜੀ |
|---|---|
| **ਅਪਰਾਧ** | ਮੀਲੀ ਲੋਕਾਂ ਲਈ 41ਵੀਂ ਕਾਉਂਸਿਲ ਡਿਸਟ੍ਰਿਕਟ ਵਿੱਚ ਅਪਰਾਧ ਦੇ ਪੱਧਰ ਨੂੰ ਹਰ ਸਮੇਂ ਦੇ ਹੇਠਲੇ ਪੱਧਰ 'ਤੇ ਲਿਆਉਣ ਵਿੱਚ ਸਹਾਇਤਾ ਕਰਨ ਲਈ ਸੰਕਟ ਪ੍ਰਬੰਧਨ ਸੰਸਥਾਵਾਂ, ਮਾਨਸਿਕ ਸਿਹਤ ਪਹਿਲਕਦਮੀਆਂ ਅਤੇ ਮੁੜ ਵਸੇਬਾ ਪ੍ਰੋਗਰਾਮਾਂ ਦਾ ਸਮਰਥਨ ਕਰੇਗੀ। |
| **ਮਹਿੰਗਾਈ** | ਮਹਾਂਮਾਰੀ ਕਾਰਨ ਮਹਿੰਗਾਈ ਅੱਜ ਤੱਕ ਦੇ ਉੱਚਤਮ ਪੱਧਰ 'ਤੇ ਹੈ। ਮੈਂ ਸ਼ਹਿਰ ਅਤੇ ਫੈਡਰਲ ਸਰਕਾਰ ਦੁਆਰਾ ਕਰਜ਼ੇ ਦੀ ਸੀਮਾ ਨੂੰ ਘਟਾਉਣ ਵਿੱਚ ਸਹਾਇਤਾ ਕਰਨ ਲਈ ਪ੍ਰਦਾਨ ਕੀਤੀਆਂ ਪਹਿਲਕਦਮੀਆਂ ਨੂੰ ਇਕਸਾਰ ਕਰਾਂਗਾ ਅਤੇ ਸਹਾਇਤਾ ਪ੍ਰਦਾਨ ਕਰਾਂਗੀ। |
| **ਲੋਕਰਾਜ ਦੀ ਰਾਖੀ ਕਰਨਾ** | ਮੁੜ ਚੁਣੇ ਜਾਣ 'ਤੇ ਮੈਂ ਇਹ ਯਕੀਨੀ ਬਣਾਉਣ ਲਈ ਜੱਦੋ-ਜਹਿਦ ਕਰਦੀ ਰਹਾਂਗੀ ਕਿ ਸਾਡਾ ਲੋਕਰਾਜ ਕੁਝ ਲੋਕਾਂ ਲਈ ਨਹੀਂ, ਬਲਕਿ "ਸਾਰੇ ਲੋਕਾਂ" ਲਈ ਨਿਰਪੱਖ ਅਤੇ ਸਾਵਾਂ ਹੋਵੇ! |

## ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 42

**ਲੋਕਰਾਜੀ**

- ਕ੍ਰਿਸ ਬੈਂਕਸ (Chris Banks)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਕ੍ਰਿਸ ਬੈਂਕਸ (Chris Banks)

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨਾ
2. ਸੱਚਮੁੱਚ ਕਿਫਾਇਤੀ ਹਾਊਸਿੰਗ ਵਿਕਲਪ ਬਣਾਉਣਾ
3. ਸੀਨੀਅਰ ਅਤੇ ਯੁਵਾ ਪ੍ਰੋਗਰਾਮ ਬਣਾਉਣੇ

*"ਡਿਸਟ੍ਰਿਕਟ 42 ਦੇ ਈਸਟ ਨਿਊਯਾੱਰਕ ਦੇ ਜ਼ਿੰਦਗੀ ਭਰ ਲਈ ਵਸਨੀਕ ਵਜੋਂ, ਮੈਂ ਆਪਣੇ ਭਾਈਚਾਰੇ ਨੂੰ ਦਰਪੇਸ਼ ਮੁੱਦਿਆਂ ਨਾਲ ਨਜਿੱਠਣ ਲਈ ਸਾਰੇ ਹਿਤਧਾਰਕਾਂ ਨਾਲ ਮਿਲਕੇ ਕੰਮ ਕਰਦਿਆਂ ਪੂਰੀ ਡਿਸਟ੍ਰਿਕਟ ਵਿੱਚ ਆਪਣੇ ਅਨੁਭਵ ਅਤੇ ਰਿਸ਼ਤਿਆਂ ਨੂੰ ਜੋੜਾਂਗਾ। ਸਾਡੇ ਭਾਈਚਾਰੇ ਨੂੰ ਦਰਪੇਸ਼ ਵੰਗਾਰਾਂ ਨੂੰ ਸਮੂਹਕ ਤੌਰ 'ਤੇ ਸਾਂਝੇ ਨਜ਼ਰੀਏ ਅਤੇ ਉਹਨਾਂ ਲੋਕਾਂ ਨਾਲ ਭਾਈਵਾਲੀ ਸਿਰਜਣ ਰਾਹੀਂ ਹੱਲ ਕੀਤਾ ਜਾ ਸਕਦਾ ਹੈ, ਜੋ ਉਸ ਡਿਸਟ੍ਰਿਕਟ ਦੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹਨ, ਜਿਸ ਨੂੰ ਅਸੀਂ ਆਪਣਾ ਘਰ ਕਹਿੰਦੇ ਹਾਂ।"*

**ਮੌਜੂਦਾ ਕੰਮ-ਧੰਦਾ:** ਸਵੈ-ਰੋਜ਼ਗਾਰ

**ਪਿਛਲਾ ਕੰਮ-ਧੰਦਾ:** ED, ਈਸਟ ਨਿਊਯਾੱਰਕ ਯੁਨਾਇਟਿਡ ਕੰਸਰਨਸਿਟੀਜ਼ਨ ਇੰਕ.

**ਸਿੱਖਿਆ:** ਜੁਡੀਸ਼ੀਅਲ ਸਟੱਡੀਜ਼ ਵਿੱਚ AA, ਜੌਹਨ ਜੇਅ ਕਾੱਲਿਜ

**ਸੰਸਥਾਗਤ ਸਬੰਧ:** ਬੋਰਡ ਚੇਅਰਪਰਸਨ, ਬੁਲੇਵਾਰਡ ਹਾਊਸਿਜ਼ ਨਰਸਰੀ ਡੇਅ ਕੇਅਰ, ਪ੍ਰੈਜ਼ੀਡੈਂਟ ਵਾਨ ਸਿਸਲੈਨ ਬਲਾੱਕ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਪ੍ਰੈਜ਼ੀਡੈਂਟ 75ਵੀਂ ਸੀਮਾ ਕੌਂਸਲ, ਸਾਰਜੈਂਟ ਐਟ ਆਰਮਸ ਅਤੇ ਵੱਡੇ-ਬਜ਼ੁਰਗਾਂ, ਟ੍ਰਾਂਸਪੋਰਟੇਸ਼ਨ ਅਤੇ ਸਿੱਖਿਆ ਕਮੇਟੀ BK CB5 ਦੇ ਸਾਬਕਾ ਸਹਿ- ਚੇਅਰਪਰਸਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਕ੍ਰਿਸ ਬੈਂਕਸ (Chris Banks) ✓

ਲੋਕਰਾਜੀ

| | |
|---|---|
| **ਅਪਰਾਧ** | ਬਹੁਤ ਸਾਰੇ ਜ਼ਿਲ੍ਹਾ 42 ਨਿਵਾਸੀਆਂ ਅਤੇ ਹਿੱਸੇਦਾਰਾਂ ਲਈ ਅਪਰਾਧ ਇੱਕ ਪ੍ਰਮੁੱਖ ਚਿੰਤਾ ਹੈ। ਅਸੀਂ ਰਾਖੀ ਲਈ ਆਪਣੀਆਂ ਸੜਕਾਂ 'ਤੇ ਸਿਰਫ਼ ਪੁਲਿਸ ਤਾਇਨਾਤ ਨਹੀਂ ਕਰ ਸਕਦੇ। ਅਪਰਾਧ ਨਾਲ ਲੜਨ ਲਈ ਇੱਕ ਆਮ ਸਮਝ ਵਾਲੀ ਪਹੁੰਚ ਦੀ ਲੋੜ ਹੁੰਦੀ ਹੈ ਜਿੱਥੇ ਕਾਨੂੰਨ ਲਾਗੂ ਕਰਨ ਵਾਲੇ ਵਸਨੀਕਾਂ ਨੂੰ ਉਹਨਾਂ ਭਾਈਵਾਲਾਂ ਵਜੋਂ ਦੇਖਦੇ ਹਨ ਜਿਨ੍ਹਾਂ ਲਈ ਉਹ ਜਵਾਬਦੇਹ ਹੁੰਦੇ ਹਨ। |
| **ਮਹਿੰਗਾਈ** | ਮਹਿੰਗਾਈ ਦਾ ਜ਼ਿਲ੍ਹਾ 42 ਵਰਗੀਆਂ ਭਾਈਚਾਰਿਆਂ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ ਜਿੱਥੇ ਬਹੁਤ ਸਾਰੇ ਬਜ਼ੁਰਗ ਰਹਿੰਦੇ ਹਨ ਅਤੇ ਇੱਕ ਨਿਸ਼ਚਿਤ ਆਮਦਨ 'ਤੇ ਰਹਿੰਦੇ ਹਨ। ਮਹਿੰਗਾਈ ਦਾ ਮੁਕਾਬਲਾ ਕਰਨ ਅਤੇ ਆਪਣੇ ਭਾਈਚਾਰਿਆਂ ਨੂੰ ਜਿੰਨਾ ਸੰਭਵ ਹੋਵੇ, ਓਨਾ ਕਿਫ਼ਾਇਤੀ ਬਣਾਉਣ ਲਈ ਸਰਕਾਰ ਨੂੰ ਵਿਧਾਨਕ ਅਸਲੇਖ਼ਾਨੇ ਵਿਚਲੇ ਹਰ ਉਪਕਰਣ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਸਾਡਾ ਲੋਕਤੰਤਰ ਉਹ ਨੀਂਹ ਹੈ ਜਿਸ 'ਤੇ ਸਾਡਾ ਸਮਾਜ ਬਣਿਆ ਹੈ। ਇਹ ਹਾਲ ਹੀ ਵਿੱਚ ਸਿੱਧੇ ਧਮਕੀ ਅਤੇ ਹਮਲੇ ਦੇ ਅਧੀਨ ਆਇਆ ਹੈ ਅਤੇ ਹਰ ਕੀਮਤ 'ਤੇ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ। |

## ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ? ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਸਕੈਨ ਕਰੋ ਜਾਂ punjabi.nycvotes.org/plan-your-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 43

**ਲੋਕਰਾਜੀ**

- ਸੂਜ਼ਨ ਜ਼ੁਆਂਗ (Susan Zhuang)

**ਰਿਪਬਲਿਕਨ**

- ਯਿੰਗ ਤਾਨ (Ying Tan)

**ਕੰਜ਼ਰਵੇਟਿਵ**

- ਵੀਟੋ J ਲਾਬੇਲਾ (Vito J Labella)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਸੂਜ਼ਨ ਜ਼ੁਆਂਗ (Susan Zhuang)

ਲੋਕਰਾਜੀ

**ਮੁੱਖ 3 ਮਸਲੇ:**

1. ਆਪਣੇ ਗੁਆਂਢਚਾਰਿਆਂ ਨੂੰ ਸੁਰੱਖਿਅਤ ਰੱਖਣਾ
2. ਸਾਰਿਆਂ ਲਈ ਮਿਆਰੀ ਪੜ੍ਹਾਈ ਯਕੀਨੀ ਬਣਾਉਣਾ
3. ਆਪਣੀ ਜ਼ਿੰਦਗੀ ਦੇ ਮਿਆਰ ਨੂੰ ਬਿਹਤਰ ਬਣਾਉਣਾ

*"ਦੋ ਛੋਟੇ ਬੱਚਿਆਂ ਦੀ ਮਾਂ, ਪਬਲਿਕ-ਸਕੂਲ ਪੇਰੇਂਟ ਅਤੇ ਵਿਧਾਨਸਭਾ ਦੇ ਮਰਦ ਮੈਂਬਰ ਵਿਲੀਅਮ ਕੌਲਟਨ (William Colton) ਲਈ ਚੀਫ਼ ਆੱਫ਼ ਸਟਾਫ਼ ਵਜੋਂ, ਮੈਂ ਵਰ੍ਹਿਆਂ ਤੋਂ ਸਾਊਥ ਬਰੂਕਲਿਨ ਵਿੱਚ ਭਾਈਚਾਰਕ ਮੁੱਦਿਆਂ ਲਈ ਜੱਦੋ-ਜਹਿਦ ਕਰ ਰਹੀ ਹਾਂ। ਸਾਨੂੰ ਆਪਣੇ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣ, ਆਪਣੇ ਸਕੂਲ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਇੱਕ ਫ਼ਾਈਟਰ ਦੀ ਲੋੜ ਹੈ ਕਿ ਅਸੀਂ ਕਾਮਯਾਬ ਹੋ ਸਕੀਏ।"*

**ਮੌਜੂਦਾ ਕੰਮ-ਧੰਦਾ:** ਨਿਊਯਾੱਰਕ ਵਿਧਾਨਸਭਾ ਦੇ ਮਰਦ ਮੈਂਬਰ ਵਿਲੀਅਮ ਕੌਲਟਨ ਲਈ ਚੀਫ਼ ਆੱਫ਼ ਸਟਾਫ਼

**ਪਿਛਲਾ ਕੰਮ-ਧੰਦਾ:** ਮਾਰਕੀਟ ਰਿਸਰਚ ਅਨੈਲਿਸਟ

**ਸਿੱਖਿਆ:** ਸਦਰਨ ਇੰਡੀਆਨਾ ਯੂਨੀਵਰਸਿਟੀ, ਡਾਟਾ ਅਨੈਲਸਿਸ SUNY–Oswego ਵਿੱਚ MBA, ਫ਼ਾਇਨਾਂਸ ਅਤੇ ਸਟੈਟਿਸਟਿਕਸ ਵਿੱਚ BA ਡਿਗ੍ਰੀ

**ਸੰਸਥਾਗਤ ਸਬੰਧ:** ਬੋਰਡ ਮੈਂਬਰ–ਏਸ਼ੀਅਨ ਅਮਰੀਕਨ ਪੈਸੀਫ਼ਿਕ ਆਈਲੈਂਡਰ ਪਬਲਿਕ ਅਫ਼ੇਅਰਸ ਐਸੋਸੀਏਸ਼ਨ, ਬੋਰਡ ਮੈਂਬਰ –AAGG PAC, ਫ਼ਾਊਂਡਰ–ਲੀਡਰਸ ਆੱਫ਼ ਟੁਮੌਰੋ, ਸਾਬਕਾ VP-ਬਰੂਕਲਿਨ ਯੁਨਾਇਟਿਡ ਪ੍ਰੋਗਰੈਸਿਵ ਡੈਮੋਕ੍ਰੈਟਿਕ ਕਲੱਬ, ਸਾਬਕਾ VP/ ਫ਼ਾਊਂਡਰ –ਯੰਗ ਡੈਮੋਕ੍ਰੈਟਸ ਆੱਫ਼ ਸਦਰਨ ਬਰੂਕਲਿਨ ਪੌਲੀਟਿਕਲ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਕਮਿਊਨਿਟੀ ਕਾਰਕੁਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਯਿੰਗ ਤਾਨ (Ying Tan)

ਰਿਪਬਲਿਕਨ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਸੀਨੀਅਰ ਨਾਗਰਿਕਾਂ ਦੀ ਰਾਖੀ ਕਰਨਾ
3. ਕੁਆਲਿਟੀ ਸਿੱਖਿਆ

*"ਸਾਡੀ ਟੀਮ ਭਾਈਚਾਰੇ ਦੀ ਬਿਹਤਰੀ ਲਈ ਸੰਘਰਸ਼ ਕਰੇਗੀ ਅਤੇ ਸੁਰੱਖਿਆ ਅਤੇ ਆਮ-ਸਮਝ ਵਾਪਸ ਲਿਆਏਗੀ।"*

**ਮੌਜੂਦਾ ਕੰਮ-ਧੰਦਾ:** ਪੂਰੇ ਸਮੇਂ ਚੋਣ-ਪ੍ਰਚਾਰ

**ਪਿਛਲਾ ਕੰਮ-ਧੰਦਾ:** ਸੀਨੀਅਰ ਸੇਵਾਵਾਂ

**ਸਿੱਖਿਆ:** ਹਾਈ ਸਕੂਲ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਵੀਟੋ J ਲਾਬੇਲਾ (Vito J Labella)

ਕੰਜ਼ਰਵੇਟਿਵ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਅਤੇ QOL ਐਨਫ਼ੋਰਸਮੈਂਟ
2. ਕਾਰੋਬਾਰ ਦੇ ਨੇਮ ਅਤੇ ਟੈਕਸ ਦੇ ਭਾਰ ਕਢਾਉਣੇ
3. ਸਰਕਾਰੀ ਅਖੰਡਤਾ, ਸਪਸ਼ਟਤਾ ਅਤੇ ਜਵਾਬਦੇਹੀ

*"ਮੇਰੀ ਪੈਦਾਇਸ਼ ਅਤੇ ਪਰਵਰਿਸ਼ ਬੇਅ ਰਿਜ, ਬਰੁਕਲਿਨ ਵਿੱਚ ਹੋਈ ਸੀ। ਪੁਲਿਸ ਅਫ਼ਸਰ ਅਤੇ ਸਿੱਖਿਆ-ਹਿਮਾਇਤੀ ਵਜੋਂ ਮੈਂ ਆਪਣੇ ਭਾਈਚਾਰੇ ਦੀ ਸੇਵਾ ਕੀਤੀ ਹੈ ਅਤੇ 32 ਸਾਲ ਦੀ ਸੇਵਾ ਤੋਂ ਬਾਅਦ NYPD ਤੋਂ ਲੈਫ਼ਟੀਨੈਂਟ ਵਜੋਂ ਰਿਟਾਇਰ ਹੋ ਰਹੀ ਹਾਂ।*

*ਮੈਂ ਸ਼ਹਿਰ ਦੇ ਪਬਲਿਕ ਸਕੂਲ ਸਿਸਟਮ ਵਿੱਚ ਤੇਜ਼ ਸਿੱਖਿਆ ਅਤੇ ਬਿਹਤਰ ਸਪਸ਼ਟਤਾ ਅਤੇ ਜਵਾਬਦੇਹੀ ਦੀ ਵਕਾਲਤ ਕੀਤੀ ਹੈ।*

*ਪੁਲਿਸਿੰਗ ਅਤੇ ਸਿੱਖਿਆ ਦੋਹਾਂ ਵਿੱਚ, ਮੇਰਾ ਵੱਡਮੁੱਲਾ ਅਨੁਭਵ ਅਤੇ ਸੰਸਥਾਗਤ ਜਾਣਕਾਰੀ ਹੈ। ਮੈਂ ਭਰੋਸੇ ਨਾਲ ਦਾਅਵਾ ਕਰ ਸਕਦੀ ਹਾਂ ਕਿ ਕਰਨ 43ਵੀਂ ਡਿਸਟ੍ਰਿਕਟ ਲਈ ਮੈਂ ਬਿਹਤਰੀਨ ਉਮੀਦਵਾਰ ਹਾਂ।"*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਭਾਈਚਾਰਕ ਤਾਲਮੇਲ, AM ਲੈਸਟਰ ਚੈਂਗ, ਲੈਫ਼ਟੀਨੈਂਟ, NYPD (ਰਿਟਾਇਰਡ)

**ਸਿੱਖਿਆ:** BA ਕ੍ਰੇਗਟੈਨ ਯੂਨੀਵਰਸਿਟੀ

**ਸੰਸਥਾਗਤ ਸਬੰਧ:** LBA, AEA, AFTRA, SAG

**ਪਹਿਲਾਂ ਦਾ ਸਰਕਾਰੀ ਅਨੁਭਵ:** 2022 NY ਸੈਨੇਟ ਉਮੀਦਵਾਰ D17, ਚੁਣਿਆ ਗਿਆ ਨੁਮਾਇੰਦਾ CEC 20, ਸਹਿ-ਫ਼ਾਉਂਡਰ PLACE NYC, PTO ਪ੍ਰੈਜ਼ੀਡੈਂਟ, IS187, ਬਰੁਕਲਿਨ ਟੈਕਨੀਕਲ HS ਵਿੱਚ ਸਕੂਲ ਲੀਡਰਸ਼ਿਪ ਟੀਮ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਸੂਜ਼ਨ ਜ਼ੁਆਂਗ (Susan Zhuang)** ✓<br>ਲੋਕਰਾਜੀ | **ਯਿੰਗ ਤਾਨ (Ying Tan)** ✓<br>ਰਿਪਬਲਿਕਨ |
|---|---|---|
| **ਅਪਰਾਧ** | ਆਪਣੇ ਸ਼ਹਿਰ ਨੂੰ ਸੁਰੱਖਿਅਤ ਬਣਾਉਣ ਲਈ ਸਾਨੂੰ ਆਪਣੀ ਪੁਲਿਸ ਦੀ ਹਿਮਾਇਤ ਜ਼ਰੂਰ ਕਰਨੀ ਚਾਹੀਦੀ ਹੈ। ਸਾਨੂੰ ਆਪਣੀਆਂ ਸੜਕਾਂ ਤੋਂ ਬੰਦੂਕਾਂ ਹਟਾਉਣ, ਮਾਨਸਿਕ ਸਿਹਤ ਸੰਕਟ ਨਾਲ ਨਜਿੱਠਣ, ਨਫ਼ਰਤੀ ਜੁਰਮਾਂ ਅਤੇ ਪੱਖਪਾਤੀ ਹਮਲੇ ਰੋਕਣ, ਬਹੁਤ ਹੀ ਸਖ਼ਤ ਜੁਰਮਾਨੇ ਤਿਆਰ ਕਰਨ ਅਤੇ NYPD ਨੂੰ ਪੂਰੇ ਫ਼ੰਡ ਉਪਲਬਧ ਕਰਾਉਣ ਲਈ ਸਥਾਨਕ ਹਿੰਸਾ-ਵਿਰੋਧੀ ਗਰੁਪਾਂ ਨਾਲ ਭਾਈਵਾਲੀ ਕਰਨੀ ਚਾਹੀਦੀ ਹੈ। | ਸਾਨੂੰ ਜੁਰਮ ਨਾਲ ਇਹਨਾਂ ਰਾਹੀਂ ਨਜਿੱਠਣਾ ਚਾਹੀਦਾ ਹੈ 1. ਪੁਲਿਸ ਦੀ ਫ਼ੰਡਿੰਗ ਵਧਾਕੇ 2. ਜ਼ਮਾਨਤ ਸੁਧਾਰ ਖ਼ਤਮ ਕਰਕੇ 3. ਭਾਈਚਾਰਕ ਪੁਲਿਸ ਤਾਇਨਾਤ ਕਰਕੇ। 4. DA ਨੂੰ ਜਵਾਬਦੇਹ ਰੱਖੋ |
| **ਮਹਿੰਗਾਈ** | ਸਾਨੂੰ ਕੀਮਤਾਂ ਵਧਾਉਣ ਲਈ ਕੰਪਨੀਆਂ ਅਤੇ ਉਪਯੋਗਤਾਵਾਂ ਨੂੰ ਜਵਾਬਦੇਹ ਬਣਾਉਣ ਅਤੇ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਉਹ ਖਪਤਕਾਰਾਂ ਦਾ ਫਾਇਦਾ ਨਹੀਂ ਲੈ ਰਹੀਆਂ ਹਨ। ਸਾਨੂੰ ਮਹਿੰਗਾਈ 'ਤੇ ਵੀ ਲਗਾਮ ਲਗਾਉਣੀ ਚਾਹੀਦੀ ਹੈ ਜੋ ਕਿ ਮਜ਼ਦੂਰ ਪਰਿਵਾਰਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੀ ਹੈ। | ਸਰਕਾਰੀ ਖਰਚ ਨੂੰ ਸਹੀ ਢੰਗ ਨਾਲ ਯਕੀਨੀ ਬਣਾਉਣਾ ਮਦਦ ਕਰ ਸਕਦਾ ਹੈ। ਇਸ ਦੇ ਨਾਲ ਹੀ, ਸਾਨੂੰ ਜ਼ਰੂਰੀ ਵਸਤੂਆਂ 'ਤੇ ਨਿਸ਼ਚਿਤ ਆਮਦਨ ਵਾਲੇ ਲੋਕਾਂ ਨੂੰ ਵਧੇਰੇ ਸਰੋਤ ਅਲਾਟ ਕਰਨ ਦੀ ਜ਼ਰੂਰਤ ਹੈ। ਘਰਾਂ ਦੇ ਮਾਲਕਾਂ ਅਤੇ ਛੋਟੇ ਕਾਰੋਬਾਰਾਂ ਲਈ ਲੰਮੀ ਰੈਗੂਲੇਸ਼ਨ ਪ੍ਰਕਿਰਿਆ ਨੂੰ ਖਤਮ ਕਰਨਾ। |
| **ਲੋਕਰਾਜ ਦੀ ਰਾਖੀ ਕਰਨਾ** | ਅਜ਼ਾਦ ਅਤੇ ਨਿਰਪੱਖ ਚੋਣਾਂ ਵਿੱਚ ਗੜਬੜੀ ਕਰਨ ਦੀਆਂ ਇੰਤਹਾਪਸੰਦਾਂ ਦੀਆਂ ਕੋਸ਼ਿਸ਼ਾਂ ਲੋਕਰਾਜ ਦੀ ਪਰਵਾਹ ਕਰਨ ਵਾਲੇ ਹਰ ਕਿਸੇ ਲਈ ਇੱਕ ਚਿਤਾਵਨੀ ਹੋਣੀ ਚਾਹੀਦੀ ਹੈ। ਸਾਨੂੰ ਵੋਟਿੰਗ ਤੱਕ ਪਹੁੰਚ ਅਤੇ ਅਸਾਨੀ ਨਾਲ ਪਹੁੰਚ ਨੂੰ ਵਧਾਉਣਾ ਚਾਹੀਦਾ ਹੈ ਅਤੇ ਹਰ ਯੋਗ ਵੋਟਰ ਦੇ ਵੋਟ ਦੇ ਹੱਕ ਦੀ ਰਾਖੀ ਕਰਨੀ ਚਾਹੀਦੀ ਹੈ। | ਮੈਨੂੰ ਲੱਗਦਾ ਹੈ ਕਿ ਅਸੀਂ ਨਿਊ ਯਾਰਕ ਵਾਸੀਆਂ ਦੀ ਅਗਲੀ ਪੀੜ੍ਹੀ ਨੂੰ ਲੋਕਤੰਤਰ ਬਾਰੇ ਸਿੱਖਿਅਤ ਕਰਨ ਲਈ ਕਾਫ਼ੀ ਕੁਝ ਨਹੀਂ ਕਰ ਰਹੇ ਹਾਂ। ਮੇਰਾ ਅਹੁਦਾ ਸਕੂਲਾਂ ਵਿੱਚ ਮਜ਼ਬੂਤ ਨਾਗਰਿਕ ਸਿੱਖਿਆ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਹੈ ਜੋ ਡੈਮੋਕ੍ਰੈਟਿਕ ਕਦਰਾਂ-ਕੀਮਤਾਂ, ਸਿਧਾਂਤਾਂ ਅਤੇ ਸੰਸਥਾਵਾਂ ਬਾਰੇ ਪੜ੍ਹਾਉਂਦੇ ਹਨ। |

## ਵੀਟੋ J ਲਾਬੇਲਾ (Vito J Labella) ✓

ਕੰਜ਼ਰਵੇਟਿਵ

ਮੁਕੱਦਮੇ ਤੋਂ ਪਹਿਲਾਂ ਕਿਸੇ ਨੂੰ ਹਿਰਾਸਤ ਵਿੱਚ ਰੱਖਣ ਦਾ ਫ਼ੈਸਲਾ ਕਰਨ ਲੱਗਿਆਂ ਜੱਜਾਂ ਨੂੰ ਜੋਖਮ ਵਾਲੇ ਪਹਿਲੂਆਂ 'ਤੇ ਵਿਚਾਰ ਕਰਨ ਦਿਓ।

ਦਵਾਈ ਦੇ ਇਲਾਜ ਅਤੇ ਮਾਨਸਿਕ ਸਿਹਤ ਸ੍ਰੋਤਾਂ ਲਈ ਰਕਮਾਂ ਦਿਓ ਕੈਂਡਰਾ ਦਾ ਕਾਨੂੰਨ ਲਾਗੂ ਕਰੋ।

ਵਾਰ-ਵਾਰ ਅਤੇ ਹਿੰਸਕ ਮੁਜਰਿਮਾਂ ਨੂੰ ਸਭ ਤੋਂ ਸੰਭਵ ਹੱਦ ਤੱਕ ਮੁਕੱਦਮਾ ਚਲਾਉਣ ਲਈ ਕਿੰਗਸ ਕਾਉਂਟੀ DA ਨੂੰ ਉਤਸਾਹ ਦਿਓ।

NYC ਨੂੰ ਮਹਿੰਗਾਈ ਦੇ ਦਬਾਅ ਵਿੱਚ ਹਿੱਸਾ ਪਾਉਣ ਤੋਂ ਰੋਕਣ ਲਈ ਬਹੁਤ ਜ਼ਿਆਦਾ ਖ਼ਰਚਾ ਕਰਨ ਤੋਂ ਬਚਣ ਅਤੇ ਨੇਮਾਂ ਨੂੰ ਤਰਤੀਬ ਦੇਣ ਦੀ ਲੋੜ ਹੈ, ਜੋ ਆਰਥਕ ਵਾਧੇ ਵਿੱਚ ਅੜਿੱਕਾ ਪਾ ਸਕਦੇ ਹਨ ਅਤੇ ਉਤਪਾਦਨ ਦੀਆਂ ਲਾਗਤਾਂ ਵਿੱਚ ਵਾਧਾ ਕਰ ਸਕਦੇ ਹਨ। ਨੌਕਰਸ਼ਾਹੀ ਦੇ ਅੜਿੱਕਿਆਂ ਨੂੰ ਘੱਟ ਕਰਨ ਨਾਲ ਵਪਾਰ ਵਧਾਉਣ ਨੂੰ ਉਤਸਾਹ ਮਿਲ ਸਕਦਾ ਹੈ ਅਤੇ ਮਹਿੰਗਾਈ ਦੇ ਅਸਰ ਘੱਟ ਕੀਤੇ ਜਾ ਸਕਦੇ ਹਨ।

ਲੋਕਰਾਜੀ ਅਮਲ ਬਾਰੇ ਵਿਚਾਰ-ਚਰਚਾ ਕਰਨ ਵੇਲੇ ਵੋਟਰ ਦੀ ਪਹੁੰਚ ਅਤੇ ਸਹੂਲਤ ਵਜੋਂ ਵੋਟ-ਪਰਚੀ ਦੀ ਅਖੰਡਤਾ ਜ਼ਰੂਰੀ ਹੈ। ਯੂਨੀਵਰਸਲ ਗ਼ੈਰਹਾਜ਼ਰ ਵੋਟ-ਪਰਚੀਆਂ ਅਤੇ ਗ਼ਲਤ ਤਰੀਕਿਆਂ ਨਾਲ ਵੋਟਾਂ ਪੁਆਉਣੀਆਂ ਅਪਵਾਦ ਹੋਣਾ ਚਾਹੀਦਾ ਹੈ, ਨੇਮ ਨਹੀਂ।

# ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 44

**ਡੈਮੋਕ੍ਰੈਟਿਕ, ਰਿਪਬਲਿਕਨ, ਕੰਜ਼ਰਵੇਟਿਵ**

- ਕਲਮਾਨ ਯੈਗਰ (Kalman Yeger)

**ਬੋਰੋ ਪਾਰਕ ਫ਼ਲੈਥ**

- ਹੈਸ਼ੀ ਟਿਸ਼ਲਰ (Heshy Tischler)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਕਲਮਾਨ ਯੈਗਰ (Kalman Yeger)

ਡੈਮੋਕ੍ਰੈਟਿਕ, ਰਿਪਬਲਿਕਨ, ਕੰਜ਼ਰਵੇਟਿਵ

**ਮੁੱਖ 3 ਮਸਲੇ:**

1. .
2. .
3. .

*"ਕੋਈ ਵੀ ਸਾਡੇ ਭਾਈਚਾਰੇ ਲਈ ਸਖ਼ਤ ਸੰਘਰਸ਼ ਨਹੀਂ ਕਰਦਾ। ਮੈਂ NYPD ਨੂੰ ਬਦਨਾਮ ਕਰਨ ਅਤੇ ਉਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਨ ਲੋਕਾਂ ਨਾਲ ਲੜਦਾ ਹਾਂ। ਮੈਂ ਟੈਕਸ ਦੇ ਵਾਧੇ ਦੀ ਹਮੇਸ਼ਾ ਪੁਰਜ਼ੋਰ ਵਿਰੋਧਤਾ ਕਰਦਾ ਹਾਂ ਅਤੇ ਮੈਂ ਨਿਊਯਾੱਰਕ ਦੇ ਵਸਨੀਕਾਂ ਨੂੰ ਛੋਟ ਅਤੇ ਰਿਆਉਤਾਂ ਦੁਆਉਣ ਲਈ ਸੰਘਰਸ਼ ਦੀ ਅਗਵਾਈ ਕੀਤੀ ਹੈ*

*ਮੈਂ ਆਪਣੀਆਂ ਸੰਸਥਾਵਾਂ ਦੀ ਉਸਾਰੀ, ਐਮਰਜੈਂਸੀ ਰਿਸਪੌਂਡਰਾਂ ਨੂੰ ਰਕਮਾਂ ਦੇਣ, ਸਾਡੇ ਪਾਰਕਾਂ ਅਤੇ ਸੜਕਾਂ ਦੀ ਮੁਰੰਮਤ ਕਰਨਅਤੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈਆਪਣੇ ਗੁਆਂਢਚਾਰੇ ਲਈ ਲੱਖਾਂ ਡਾੱਲਰ ਲਿਆਇਆ ਹਾਂ।*

*ਮੈਂ, ਸਾਡੇ ਭਾਈਚਾਰੇ ਨੂੰ ਨੁਕਸਾਨ ਪਹੁੰਚਾਉਣ ਵਾਲੇ ਮੁਜ਼ਾਹਰਾ ਕਰ ਰਹੇ ਉਹਨਾਂ ਲੋਕਾਂ ਖ਼ਿਲਾਫ਼ ਹਮੇਸ਼ਾ ਖੜ੍ਹਾ ਹੁੰਦਾ ਹਾਂ ਅਤੇ ਮੈਂ ਸਿਆਸਤ ਤੋਂ ਪਹਿਲਾਂ ਲੋਕਾਂ ਨੂੰ ਅਹਿਮੀਅਤ ਦਿੰਦਾ ਹਾਂ। ਸਾਡੇ ਸਿਟੀ ਹਾਲ ਵਿੱਚ, ਮੈਂ ਆਪਣੀ ਆਮ-ਸਮਝ ਦੀ ਅਵਾਜ਼ ਬਣਕੇ, ਉੱਥੇ ਹੀ ਹਾਂ ਅਤੇ ਉੱਥੇ ਹੀ ਰਹਾਂਗਾ।"*

**ਮੌਜੂਦਾ ਕੰਮ-ਧੰਦਾ:** ਕੌਂਸਲਮੈਨ

**ਪਿਛਲਾ ਕੰਮ-ਧੰਦਾ:** ਅਟਾੱਰਨੀ

**ਸਿੱਖਿਆ:** ਨਿਊਯਾੱਰਕ ਲਾੱਅ ਸਕੂਲ, ਟੂਰੋ ਕਾੱਲਿਜ

**ਸੰਸਥਾਗਤ ਸਬੰਧ:** .

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰੇ ਸਬੰਧੀ ਬੋਰਡ ਮੈਂਬਰ, ਬਰੋ ਦਾ ਪ੍ਰਧਾਨ ਦਾ ਦਫ਼ਤਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਹੈਸ਼ੀ ਟਿਸ਼ਲਰ

ਬੋਰੋ ਪਾਰਕ ਫ਼ਲੈਬ

**ਮੁੱਖ 3 ਮਸਲੇ:**

1. NYPD ਨੂੰ ਪੂਰੀਆਂ ਰਕਮਾਂ ਉਪਲਬਧ ਕਰਾਉਣੀਆਂ
2. ਟੈਕਸ/ਗੁਜਰ-ਬਸਰ ਦੀ ਲਾਗਤ ਘਟਾਉਣੀ
3. ਸੁਤੰਤਰਤਾ ਅਤੇ ਧਾਰਮਿਕ ਅਜ਼ਾਦੀ ਦੀ ਰਾਖੀ ਕਰਨੀ

*"ਹੈਸ਼ੀ ਟਿਸ਼ਲਰ (Heshy Tischler) NYC ਸਿਟੀ ਕੌਂਸਲ ਵਿੱਚ ਬਰੂਕਲਿਨ ਦੀਆਂ ਫ਼ੌਰੀ ਜ਼ਰੂਰਤਾਂ ਲਈ ਇੱਕ ਮਜ਼ਬੂਤ ਅਵਾਜ਼ ਹੋਣਗੇ। ਉਹਨਾਂ ਦਾ ਚੋਣ-ਪ੍ਰਚਾਰ ਭ੍ਰਸ਼ਟ ਸਥਾਨਕ ਪਾਰਟੀ ਦੀ ਸਿਆਸਤ ਤੋਂ ਅਲੱਗ ਹੈ, ਜਿਸਦਾ ਉਦੇਸ਼ ਬਾਬੂਸ਼ਾਹੀ ਨੂੰ ਘੱਟ ਕਰਦਿਆਂ, ਸਜ਼ਾ ਵਜੋਂ ਲਾਏ ਜਾਣ ਵਾਲੇ ਟੈਕਸ ਘੱਟ ਕਰਕੇ ਅਤੇ ਨਫ਼ਰਤੀ ਜੁਰਮਾਂ ਦਾ ਮੁਕਾਬਲਾ ਕਰਦਿਆਂ ਸ਼ਹਿਰ ਨੂੰ ਅੱਗੇ ਵਧਾਉਣਾ ਹੈ। ਉਹ ਨਿਜੀ ਅਜ਼ਾਦੀ ਨੂੰ ਅਹਿਮੀਅਤ ਦਿੰਦੇ ਹਨ, ਖ਼ਾਸ ਤੌਰ ਠਤੇ ਕੋਵਿਡ ਤੋਂ ਬਾਅਦ NYPD ਦੀ ਹਿਮਾਇਤ ਕਰਦੇ ਹਨ ਅਤੇ ਉਹਨਾਂ ਦਾ ਟੀਚਾ ਸਾਡੀ ਜ਼ਿੰਦਗੀ ਦੀ ਕੁਆਲਿਟੀ ਅਤੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣਾ ਹੈ।"*

**ਮੌਜੂਦਾ ਕੰਮ-ਧੰਦਾ:** ਐਕਸਪੀਡਿਟਰ/ਭਾਈਚਾਰਕ ਲੀਡਰ/ਰੇਡੀਓ ਹੋਸਟ

**ਪਿਛਲਾ ਕੰਮ-ਧੰਦਾ:** ਠੇਕੇਦਾਰ

**ਸਿੱਖਿਆ:** ਬੈਚਲਰ'ਸ ਡਿਗ੍ਰੀ, ਟਾਲਮੁਡਿਕਲ ਅਕੈਡਮੀ ਆੱਫ਼ ਨਿਊ ਜਰਸੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਕਲਮਾਨ ਯੈਗਰ (Kalman Yeger)** ✓<br>ਡੈਮੋਕ੍ਰੈਟਿਕ, ਰਿਪਬਲਿਕਨ, ਕੰਜ਼ਰਵੇਟਿਵ | **ਹੈਸ਼ੀ ਟਿਸ਼ਲਰ (Heshy Tischler)** ✓<br>ਬੋਰੋ ਪਾਰਕ ਫ਼ਲੈਸ਼ |
|---|---|---|
| **ਅਪਰਾਧ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਹੈਸ਼ੀ (Heshy) NYC ਦੇ ਜ਼ਮਾਨਤ ਸੁਧਾਰ ਦਾ ਜਾਇਜ਼ਾ ਲੈਣਾ ਅਤੇ ਇਸ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਉਹ ਜਨਤਕ ਸੁਰੱਖਿਆ 'ਤੇ ਅਸਰ ਪਾਉਣ ਵਾਲੇ ਮੁੱਦੇ ਵੇਖਦੇ ਹਨ ਅਤੇ ਇਸ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਅਤੇ ਇੱਕ ਨਿਰਪੱਖ ਮੁਜਰਮਾਨਾ ਨਿਆ ਵਾਲਾ ਨਜ਼ਰੀਆ ਚਾਹੁੰਦੇ ਹਨ। ਉਹਨਾਂ ਨੇ ਭਾਈਚਾਰਕ ਸੁਰੱਖਿਆ ਯਕੀਨੀ ਬਣਾਉਣ, ਜੁਰਮ ਦੀ ਰੋਕਥਾਮ ਕਰਨ ਅਤੇ ਜ਼ਿੰਦਗੀ ਦੇ ਮਿਆਰ ਵਿੱਚ ਸੁਧਾਰ ਲਿਆਉਣ ਲਈ ਅਧਿਕਾਰੀਆਂ ਨੂੰ ਸ੍ਰੋਤ ਉਪਲਬਧ ਕਰਾਉਣ ਲਈ NYPD ਨੂੰ ਪੂਰੀਆਂ ਰਕਮਾਂ ਮੁਹੱਈਆ ਕਰਾਉਣ 'ਤੇ ਜ਼ੋਰ ਦਿੱਤਾ ਹੈ। |
| **ਮਹਿੰਗਾਈ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਹੈਸ਼ੀ (Heshy) ਹੁਰਾਂ ਨੇ ਧਿਆਨ ਦਿੱਤਾ ਹੈ ਕਿ ਫੋਨ/ਬਿਜਲੀ/ਪਾਣੀ/ਗੈਸ ਅਤੇ ਬਹੁਤ ਜ਼ਿਆਦਾ ਵਿਕਰੀ ਟੈਕਸਾਂ ਕਰਕੇ NYC ਵਿੱਚ ਗੁਜ਼ਰ-ਬਸਰ ਮਹਿੰਗੀ ਹੋ ਗਈ ਹੈ, ਜਿਸ ਕਰਕੇ ਕੰਮਕਾਜੀ ਲੋਕਾਂ ਨੂੰ ਨੁਕਸਾਨ ਹੁੰਦਾ ਹੈ। ਮੈਨਹਟਨ ਵਿੱਚ ਦਾਖ਼ਲ ਹੋਣ 'ਤੇ ਬਰੂਕਲਿਨ ਦੇ ਡ੍ਰਾਈਵਰਾਂ 'ਤੇ ਸੰਭਵ ਤੌਰ 'ਤੇ ਕੰਜੈਸ਼ਨ ਮੁੱਲ ਦੇ ਟੈਕਸ ਕਰਕੇ, ਹੈਸ਼ੀ ਸਾਰਿਆਂ ਲਈ ਇੱਕ ਕਿਫ਼ਾਇਤੀ ਸ਼ਹਿਰ ਦੇ ਭਵਿੱਖ ਲਈ ਵਧਦੇ ਟੈਕਸਾਂ ਲਈ ਜੱਦੋ-ਜਹਿਦ ਕਰਨ ਲਈ ਤਿਆਰ ਹਨ। |
| **ਲੋਕਰਾਜ ਦੀ ਰਾਖੀ ਕਰਨਾ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਨਾਗਰਿਕਾਂ ਬਾਰੇ ਪ੍ਰੋਗਰਾਮ: ਬੱਚਿਆਂ ਨੂੰ ਜਾਗਰੂਕ ਨਾਗਰਿਕ ਬਣਾਉਣ ਲਈ ਲੋਕਰਾਜੀ ਕਦਰਾਂ-ਕੀਮਤਾਂ, ਅਲੋਚਨਾਤਮਕ ਸੋਚ ਅਤੇ ਜ਼ਿੰਮੇਵਾਰ ਸ਼ਮੂਲੀਅਤ ਬਾਰੇ ਪੜ੍ਹਾਉਣਾ ਹੈ। ਸਰਗਰਮ ਹਿੱਸੇਦਾਰੀ, ਵੱਖ-ਵੱਖ ਨਜ਼ਰੀਏ ਅਤੇ NYC, ਸਾਡੀ ਸਟੇਟ, ਰਾਸ਼ਟਰ ਅਤੇ ਖ਼ੁਸ਼ੀ ਦੀ ਭਾਲ ਵਿੱਚ ਲੋਕਰਾਜ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਦੀ ਬੁਨਿਆਦ ਹੈ। |

# ਸਿਟੀ ਕੌਂਸਲ ਡਿਸਟ੍ਰਿਕਟ 45

**ਲੋਕਰਾਜੀ**

- ਫ਼ਰਾਹ N ਲੁਇਸ (Farah N Louis)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਫ਼ਰਾਹ N ਲੁਇਸ (Farah N Louis)

ਲੋਕਰਾਜੀ

**ਮੁੱਖ 3 ਮਸਲੇ:**

1. ਰਿਹਾਇਸ਼
2. ਜਨਤਕ ਸੁਰੱਖਿਆ
3. ਸਿੱਖਿਆ

*"ਫਿਰ ਤੋਂ ਚੋਣ ਲੜਣ ਦੀ ਮੇਰੀ ਪ੍ਰੇਰਨਾ ਇਸ ਡਿਸਟ੍ਰਿਕਟ ਦੇ ਲਗਾਤਾਰ ਵਿਕਾਸ ਲਈ ਮੇਰੀ ਸਮਰਪਣ ਭਾਵਨਾ ਅਤੇ ਵਾਅਦੇ ਕਰਕੇ ਹੈ। ਸਿਟੀ ਕੌਂਸਲ ਵਿੱਚ ਮੇਰੀ ਮਿਆਦ ਦੌਰਾਨ, ਮੈਂ ਖ਼ਾਸ ਤੌਰ 'ਤੇ ਡਿਸਟ੍ਰਿਕਟ ਵਿੱਚ ਸੀਨੀਅਰਾਂ ਲਈ ਪਹਿਲੇ ਕਿਫ਼ਾਇਤੀ ਰਿਹਾਇਸ਼ ਦੇ ਵਿਕਾਸ ਲਈ ਰਕਮਾਂ ਹਾਸਿਲ ਕੀਤੀਆਂ ਹਨ ਅਤੇ ਔਰਤਾਂ ਦੇ ਸਭ ਤੋਂ ਪਹਿਲੇ ਸਿਹਤ ਸੈਂਟਰ ਲਈ ਰਕਮਾਂ ਅਤੇ ਈਸਟ ਫ਼ਲੈਟਬੁਸ਼ ਵਿੱਚ ਪਹਿਲਾ ਮਨੋਰੰਜਨ ਸੈਂਟਰ ਉਸਾਰਣ ਲਈ **$141M** ਇਕੱਠੇ ਕੀਤੇ ਹਨ। ਮੇਰੀਆਂ ਤਰਜੀਹਾਂ ਵਿੱਚ ਸ਼ਾਮਿਲ ਰਹੀਆਂ ਹਨ, ਪਰ ਮੈਂ ਸਿਹਤ-ਸੰਭਾਲ ਵਿਚਲੀਆਂ ਨਾਬਰਾਬਰੀਆਂ ਦਾ ਮੁਕਾਬਲਾ ਕਰਨ ਲਈ ਵੀ ਵਚਨਬੱਧ ਹਾਂ। ਮੇਰੀ ਪਰਵਰਿਸ਼ ਯੂਨੀਅਨ-ਹਿਮਾਇਤੀ ਘਰ ਵਿੱਚ ਹੋਈ ਸੀ ਅਤੇ ਡਿਸਟ੍ਰਿਕਟ 45 ਵਿੱਚ ਪਛਾਣ ਦੇ ਆਪਸੀ ਸਬੰਧਾਂ ਅਤੇ ਇਸ ਨਾਲ ਜੁੜੇ ਅੜਿੱਕਿਆਂ ਨੂੰ ਸਮਝਦੀ ਹਾਂ, ਜਿਸ ਤਰ੍ਹਾਂ ਉਹ ਕਿਸੇ ਨੂੰ ਵੀ ਆਪਣੀ ਪੂਰੀ ਜ਼ਿੰਦਗੀ ਜੀਣ ਤੋਂ ਰੋਕ ਸਕਦੇ ਹਨ ਅਤੇ ਮੈਂ ਉੱਥੇ ਮੌਜੂਦ ਹਰ ਅੜਿੱਕੇ ਨੂੰ ਕਮਜ਼ੋਰ ਕਰਨਾ ਚਾਹੁੰਦੀ ਹਾਂ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਲਾਗੂ ਨਹੀਂ

**ਪੜ੍ਹਾਈ:** ਮਾਸਟਰਸ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਫ਼ਰਾਹ N ਲੁਈਸ (Farah N Louis)** ✓<br>ਲੋਕਰਾਜੀ |
|---|---|
| **ਅਪਰਾਧ** | ਅਪਰਾਧ ਨਿਊਯਾਰਕ ਦੇ ਪ੍ਰਮੁੱਖ ਮੁੱਦਿਆਂ ਵਿੱਚੋਂ ਇੱਕ ਸੀ। ਅਸੀਂ ਵੱਡੇ ਜ਼ਮਾਨਤੀ-ਸੁਧਾਰ ਪੈਕੇਜ ਵਿੱਚ ਮੁਜਰਮਾਂ ਨੂੰ ਲੱਭਣ ਅਤੇ ਫ਼ੌਰੀ ਮੁਕੱਦਮੇ ਦੇ ਨੇਮਾਂ ਸਮੇਤ ਕਈ ਕਾਨੂੰਨ ਪਾਸ ਕੀਤੇ ਹਨ, ਪਰ ਹਥਿਆਰਾਂ ਨਾਲ ਜੁੜੇ ਕਾਨੂੰਨਾਂ, ਮੁਜਰਮਾਨਾ ਪਰੇਸ਼ਾਨੀਆਂ ਅਤੇ ਗੰਭੀਰ ਮਾਨਸਿਕ ਬਿਮਾਰੀ ਵਾਲੇ ਲੋਕਾਂ ਦੀ ਹਿਮਾਇਤ ਵਿੱਚ ਕਾਨੂੰਨੀ ਪੱਧਰ 'ਤੇ ਅਜੇ ਬਹੁਤ ਕੁਝ ਕੀਤਾ ਜਾਣ ਵਾਲਾ ਹੈ। |
| **ਮਹਿੰਗਾਈ** | ਮਹਿੰਗਾਈ ਦੇਸ਼ ਲਈ ਇੱਕ ਪ੍ਰਮੁੱਖ ਮੁੱਦਾ ਹੈ, ਜਿਸ ਤੋਂ ਬਾਅਦ ਰਿਹਾਇਸ਼, ਸਿਹਤ ਸੰਭਾਲ ਦੀ ਸਮਰੱਥਾ ਅਤੇ ਹਿੰਸਕ ਅਪਰਾਧ ਦੀਆਂ ਚਿੰਤਾਵਾਂ ਹਨ। ਇਸ ਕਰਕੇ ਖ਼ਰੀਦਣ ਦੀ ਤਾਕਤ ਘਟਦੀ ਹੈ ਅਤੇ ਵਸਤਾਂ ਅਤੇ ਸੇਵਾਵਾਂ ਦਾ ਨੁਕਸਾਨ ਹੁੰਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਪਿਛਲੇ ਕੁਝ ਸਾਲਾਂ ਤੋਂ ਸਾਡੇ ਲੋਕਤੰਤਰ ਨੂੰ ਚੁਣੌਤੀ ਦਿੱਤੀ ਗਈ ਹੈ। ਆਪਣੇ ਲੋਕਰਾਜ ਦੀ ਰਾਖੀ ਕਰਕੇ ਅਸੀਂ ਸੱਤਾ ਦੀ ਦੁਰਵਰਤੋਂ ਰੋਕ ਰਹੇ ਹਾਂ, ਕੰਟਰੋਲ ਅਤੇ ਸੰਤੁਲਨ ਬਹਾਲ ਕਰ ਰਹੇ ਹਾਂ, ਸਰਕਾਰ ਵਿੱਚ ਜਵਾਬਦੇਹੀ ਅਤੇ ਸਪਸ਼ਟਤਾ ਯਕੀਨੀ ਬਣਾ ਰਹੇ ਹਾਂ। ਸਾਡੇ ਭਾਈਚਾਰਿਆਂ ਨੂੰ ਸਭਿਅਕ ਤੌਰ 'ਤੇ ਜੁੜੇ ਰਹਿਣ ਅਤੇ ਸੂਚਿਤ ਕਰਨ ਲਈ ਸ਼ਕਤੀ ਪ੍ਰਦਾਨ ਕਰਨਾ ਹੈ |

## ਫ਼ਾੱਲੋ ਕਰੋ nyc votes

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ਾੱਲੋ ਕਰ ਸਕਦੇ ਹੋ**

**@nycvotes**

# ਸਿਟੀ ਕੌਂਸਲ ਡਿਸਟ੍ਰਿਕਟ 46

**ਲੋਕਰਾਜੀ**

- ਮਰਸੀਡਿਜ਼ ਨਾਰਸਿਸ (Mercedes Narcisse)*

**ਰਿਪਬਲਿਕਨ, ਕੰਜ਼ਰਵੇਟਿਵ**

- ਮਾਈਕ ਮੋਰਨ (Mike Moran)*

**ਕਾਉਨ ਫ਼ੌਰ ਕੈਬ੍ਰਿਉ**

- ਐਡਲਿਉਰੈਟ ਕੈਬ੍ਰਿਉ (Adlerette Kebreau)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਹੋਣ ਲਈ ਸਮੇਂ-ਸਿਰ ਮੁਕੰਮਲ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ।

---



## ਐਡਲਿਉਰੈਟ ਕੈਬ੍ਰਿਉ (Adlerette Kebreau)

ਕਾਉਨ ਫ਼ੌਰ ਕੈਬ੍ਰਿਉ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼
2. ਮਾਨਸਿਕ ਸਿਹਤ ਮਸਲੇ
3. ਕੁਆਲਿਟੀ ਸਿੱਖਿਆ

*"ਮੈਂ ਪਾਦਰੀ, ਅਧਿਆਪਕ ਅਤੇ ਲੰਮੇ-ਸਮੇਂ ਤੋਂ ਭਾਈਚਾਰਕ ਫ਼ਾਈਟਰ ਵਜੋਂ ਜਾਣਿਆ ਜਾਂਦਾ ਐਡਲਿਉਰੈਟ ਕੈਬ੍ਰਿਉ (**Adlerette Kebreau**) ਹਾਂ। ਆਪਣੇ ਪਿਛੋਕੜ ਅਤੇ ਅਨੁਭਵਾਂ ਨਾਲ, ਮੇਰੀ ਸਮਰੱਥਾ ਵੰਨ-ਸੁਵੰਨੀ ਅਬਾਦੀ, ਸਟਾਫ਼ ਅਤੇ ਸਹਿਯੋਗੀਆਂ ਨਾਲ ਕੰਮ ਕਰਨ ਦੀ ਹੈ। ਮੇਰੀਆਂ ਕੁਝ ਮਜ਼ਬੂਤ ਮੁਹਾਰਤਾਂ ਵਿੱਚ ਲੀਡਰਸ਼ਿਪ, ਵਿਉਂਤਬੰਦੀ ਅਤੇ ਸਮੱਸਿਆ ਹੱਲ ਕਰਨਾ ਹੈ।"*

**ਮੌਜੂਦਾ ਕੰਮ-ਧੰਦਾ:** ਕੌਂਸਲਰ, ਪਾਦਰੀ, ਅਤੇ ਐਡਵੋਕੇਟਰ

**ਪਿਛਲਾ ਕੰਮ-ਧੰਦਾ:** ਸਾਇੰਸ ਅਧਿਆਪਕ

**ਪੜ੍ਹਾਈ:** ਪੇਸ਼ੇਵਰ ਸਟੱਡੀਜ਼ ਵਿੱਚ ਮਾਸਟਰ

**ਸੰਸਥਾਗਤ ਸਬੰਧ:** ਬਰੂਕਲਿਨ ਕਾੱਲਿਜ ਐਲੂਮਨੀ ਐਸੋਸੀਏਸ਼ਨ, ਹੈਤੀਅਨ ਅਮਰੀਕਨ ਲਾੱਇਰਸ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਕਈ ਥਾਵਾਂ, ਜਿਸ ਵਿੱਚ ਯੋਰੁਪ, ਮਾਂਟ੍ਰਿਅਲ, ਕੈਰੇਬੀਅਨ ਅਤੇ ਹੋਰ ਦੇਸ਼ ਸ਼ਾਮਿਲ ਹਨ, ਵਿੱਚ ਘਰੇਲੂ ਅਤੇ ਅੰਤਰਰਾਸ਼ਟਰੀ ਦਰਸ਼ਕਾਂ ਲਈ ਕਾੱਨਫ਼ਰੰਸਾਂ ਅਤੇ ਰੂਹਾਨੀ ਸੈਮਿਨਾਰਾਂ ਦਾ ਪ੍ਰਬੰਧ ਕਰਨ ਵਿੱਚ ਮਦਦ ਕਰਨ ਲਈ ਕਈ ਸੰਸਥਾਵਾਂ ਦੇ ਨਾਲ ਤਾਲਮੇਲ ਅਤੇ ਗੱਲਬਾਤ ਕਰੋ।

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਕੰਜ਼ਰਵੇਟਿਵ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਮਰਸੀਡਿਜ਼ ਨਾਰਸਿਸ (Mercedes Narcisse)*** ✓<br>ਲੋਕਰਾਜੀ | **ਮਾਈਕ ਮੋਰਨ (Mike Moran)*** ✓<br>ਰਿਪਬਲਿਕਨ, ਕੰਜ਼ਰਵੇਟਿਵ |
|---|---|---|
| **ਅਪਰਾਧ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

## ਐਡਲਿਉਰੈਟ ਕੈਬ੍ਰਿਉ (Adlerette Kebreau)

ਕਾਉਨ ਫ਼ੌਰ ਕੈਬ੍ਰਿਉ

ਸਭ ਕੁਝ ਖ਼ਤਮ ਕਰ ਦਿਓ; ਮਾੜੀ ਪਰਵਰਿਸ਼, ਗ਼ਰੀਬੀ, ਮਾਨਸਿਕ ਬਿਮਾਰੀ, ਲਾਲਚ, ਭ੍ਰਿਸ਼ਟਾਚਾਰ, ਨਸ਼ੇ ਦੀ ਆਦਤ ਅਤੇ ਨਫ਼ਰਤ, ਜੋ ਲੋਕਾਂ ਤੋਂ ਜੁਰਮ ਕਰਾਉਂਦੀ ਹੈ।

ਮੇਰਾ ਮੰਨਣਾ ਹੈ ਕਿ ਹੋਰ ਨੌਕਰੀਆਂ ਅਤੇ ਵੱਡੀ ਤਨਖ਼ਾਹ ਦੇ ਮੌਕਿਆਂ ਦੀ ਲੋੜ ਹੈ। ਜੰਗ ਨੇ ਸਾਡੇ ਆਰਥਕ ਸੰਕਟ ਨੂੰ ਪਿਛਾਂਹ ਧੱਕ ਦਿੱਤਾ ਹੈ, ਇਸ ਦੌਰਾਨ ਕਿਰਾਏ ਅਤੇ ਗੁਜ਼ਰ-ਬਸਰ ਲਈ ਲੋੜੀਂਦੀਆਂ ਜ਼ਰੂਰੀ ਚੀਜ਼ਾਂ ਕੰਟਰੋਲ ਤੋਂ ਬਾਹਰ ਹੋ ਰਹੀਆਂ ਹਨ, ਆਓ ਜੰਗ ਖ਼ਤਮ ਕਰੀਏ ਅਤੇ ਆਪਣੀ ਧਿਆਨ ਆਰਥਕ ਸਥਿਰਤਾ 'ਤੇ ਲਾਈਏ।

ਮੇਰੀ ਰਾਇ ਵਿੱਚ, ਸਾਨੂੰ ਤਾਕਤ ਦੀ ਦੁਰਵਰਤੋਂ ਦੀ ਰੋਕਥਾਮ ਕਰਨ ਵਾਲੇ ਸਿਸਟਮ ਦੀ ਰਾਖੀ ਅਤੇ ਇਸ ਨੂੰ ਬਣਾਈ ਰੱਖਣਾ ਚਾਹੀਦਾ ਹੈ, ਇਸ ਤਰੀਕੇ ਨਾਲ ਅਸੀਂ ਸਾਰਿਆਂ ਲਈ ਅਖੰਡਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾ ਸਕਦੇ ਹਾਂ।

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 47

**ਲੋਕਰਾਜੀ**

- ਜਸਟਿਨ ਬ੍ਰੈਨਨ (Justin Brannan)

**ਰਿਪਬਲਿਕਨ, ਕੰਜ਼ਰਵੇਟਿਵ, ਪੇਰੈਂਟ ਪਾਰਟੀ**

- ਅਰੀ ਕਾਗਾਨ (Ari Kagan)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਜਸਟਿਨ ਬ੍ਰੈਨਨ (Justin Brannan)

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਸਾਡੇ ਬਜ਼ੁਰਗਾਂ ਲਈ ਸਹਾਇਤਾ
3. ਨਵੇਂ ਸਕੂਲਾਂ ਅਤੇ ਪਾਰਕਾਂ ਦੀ ਉਸਾਰੀ

*"ਇਸ ਗੱਲ ਦਾ ਮੇਰੇ 'ਤੇ ਕੋਈ ਅਸਰ ਨਹੀਂ ਪੈਂਦਾ ਕਿ ਤੁਸੀ ਡੈਮੋਕ੍ਰੈਟ ਜਾ ਰਿਪਬਲਿਕਨ ਹੋ, ਚੁਣੇ ਗਏ ਅਧਿਕਾਰੀ ਵਜੋਂ ਮੇਰਾ ਫ਼ਰਜ਼ ਸਾਰਿਆਂ ਨੂੰ ਸੇਵਾ ਦੇਣਾ ਹੈ। ਰੋਜ਼ ਸਿਰਫ਼ ਇੱਕੋ ਟੀਚੇ ਨਾਲ ਮੇਰੀ ਨੀਂਦ ਖੁੱਲ੍ਹਦੀ ਹੈ: ਤੁਹਾਡੀ ਜ਼ਿੰਦਗੀ ਨੂੰ ਥੋੜ੍ਹਾ ਜਿਹਾ ਹੋਰ ਅਸਾਨ ਬਣਾਉਣਾ। ਮੇਰੇ ਲਈ ਜ਼ਿੰਦਗੀ ਭਰ ਲਈ ਉਹਨਾਂ ਗੁਆਂਢਚਾਰਿਆਂ ਦੀ ਨੁਮਾਇੰਦਗੀ ਕਰਨਾ ਮਾਣ ਵਾਲੀ ਗੱਲ ਹੈ, ਜਿੱਥੇ ਮੇਰੀ ਪਰਵਰਿਸ਼ ਹੋਈ ਹੈ ਅਤੇ ਮੈਂ ਹਮੇਸ਼ਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸੰਘਰਸ਼ ਕਰਦਾ ਰਹਾਂਗਾ।"*

**ਮੌਜੂਦਾ ਕੰਮ-ਧੰਦਾ:** ਨਿਊਯਾੱਰਕ ਸਿਟੀ ਕੌਂਸਲਮੈਨ

**ਪਿਛਲਾ ਕੰਮ-ਧੰਦਾ:** ਕੌਂਸਲਮੈਨ ਵਿਨੀ ਜੈਂਟਿਲ (Vinnie Gentile) ਦੇ ਚੀਫ਼ ਆੱਫ਼ ਸਟਾਫ਼

**ਪੜ੍ਹਾਈ:** ਫ਼ੋਰਡਹੈਮ ਅਤੇ CUNY

**ਸੰਸਥਾਗਤ ਸਬੰਧ:** ਬੇਅ ਰਿਜ ਕੇਅਰਸ

**ਪਹਿਲਾਂ ਦਾ ਸਰਕਾਰੀ ਅਨੁਭਵ:** NYC ਸਿੱਖਿਆ ਵਿਭਾਗ ਵਿਖੇ ਅੰਤਰ-ਸਰਕਾਰੀ ਮਾਮਲਿਆਂ ਬਾਰੇ ਡਿਪਟੀ ਡਾਇਰੈਕਟਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਅਰੀ ਕਾਗਾਨ (Ari Kagan)

ਰਿਪਬਲਿਕਨ, ਕੰਜ਼ਰਵੇਟਿਵ, ਪੇਰੇਂਟ ਪਾਰਟੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਮੈਰਿਟ ਆਧਾਰਿਤ ਸਕੂਲੀ ਸਿੱਖਿਆ
3. ਸਵੱਛਤਾ

*"ਮੈਂ ਰਿਪਬਲਿਕਨ ਕੌਂਸਲਮੈਨ ਐਰੀ ਕਾਗਾਨ (Ari Kagan) ਲਈ ਮੁੜ ਚੁਣੇ ਜਾਣ ਵਾਸਤੇ ਚੋਣ ਲੜ ਰਿਹਾ ਹਾਂ। ਮੈਂ ਬਿਨਾ ਪੈਸਿਆਂ ਦੇ ਅਤੇ ਅੰਗ੍ਰੇਜ਼ੀ ਤੋਂ ਬਿਨਾ 30 ਸਾਲ ਪਹਿਲਾਂ ਬੈਲਾਰੂਸ ਤੋਂ ਅਮਰੀਕਾ ਆਇਆ ਸੀ। ਹੁਣ ਮੈਂ ਤੁਹਾਡੇ ਕੌਂਸਲਮੈਨ ਵਜੋਂ ਆਪਣੇ ਅਮਰੀਕੀ ਸੁਫ਼ਨੇ ਲਈ ਜ਼ਿੰਦਗੀ ਗੁਜ਼ਾਰ ਰਿਹਾ ਹਾਂ। ਮੈਂ ਇੱਕ ਪਿਤਾ ਅਤੇ ਦੋ ਬੱਚਿਆਂ ਦਾ ਮਾਣਮੱਤਾ ਪਿਤਾ ਹਾਂ। ਮੈਂ ਦਿਨ ਦੌਰਾਨ ਕੰਮ ਕਰਦਿਆਂ ਅਤੇ ਰਾਤ ਨੂੰ ਪੜ੍ਹਦਿਆਂ ਬਰੂਖ ਕਾੱਲਿਜ ਤੋਂ ਗ੍ਰੈਜੂਏਸ਼ਨ ਕੀਤੀ ਸੀ। ਭਾਈਚਾਰੇ ਲਈ ਵਾੱਲੰਟਿਅਰਿੰਗ ਕਰਦਿਆਂ, ਮੈਂ TV ਅਤੇ ਰੇਡੀਓ ਹੋਸਟ ਵਜੋਂ ਕੰਮ ਕਰ ਰਿਹਾ ਹਾਂ।*

*ਮੈਂ NYPD, ਯੋਗਤਾ-ਅਧਾਰਿਤ ਸਿੱਖਿਆ ਅਤੇ ਪਰਵਰਿਸ਼ ਦੀ ਚੋਣ ਦਾ ਮਜ਼ਬੂਤ ਹਿਮਾਇਤੀ ਹਾਂ। ਮੈਂ ਭਾਈਚਾਰਕ ਪ੍ਰੋਜੈਕਟਾਂ ਅਤੇ ਹਜ਼ਾਰਾਂ ਵੋਟਰਾਂ ਦੀ ਮਦਦ ਕਰਨ ਲਈ ਡਾੱਲਰ ਦੇ ਸਕਦਾ ਸੀ।*

*ਮੈਂ 27 ਜੂਨ ਨੂੰ ਪ੍ਰਾਇਮਰੀ ਵਿੱਚ ਤੁਹਾਡੀ ਵੋਟ ਲਈ ਕਹਿ ਰਿਹਾ ਹਾਂ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** TV ਅਤੇ ਰੇਡੀਓ ਹੋਸਟ

**ਪੜ੍ਹਾਈ:** ਬਰੂਚ ਕਾੱਲਿਜ, ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿੱਚ ਬੈਚਲਰ

**ਸੰਸਥਾਗਤ ਸਬੰਧ:** ਵੈਰਾਜ਼ਨੋ ਰਿਪਬਲਿਕਨਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਡਿਸਟ੍ਰਿਕਟ ਡਾਇਰੈਕਟਰ, CD 47

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਸਕੈਨ ਕਰੋ ਜਾਂ**
**punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਜਸਟਿਨ ਬ੍ਰੈਨਨ (Justin Brannan)** ✓<br>ਲੋਕਰਾਜੀ | **ਅਰੀ ਕਾਗਾਨ (Ari Kagan)** ✓<br>ਰਿਪਬਲਿਕਨ, ਕੰਜ਼ਰਵੇਟਿਵ, ਪੇਰੇਂਟ ਪਾਰਟੀ |
|---|---|---|
| **ਅਪਰਾਧ** | ਇੱਕ ਚੁਣੇ ਹੋਏ ਅਧਿਕਾਰੀ ਵਜੋਂ, ਜਨਤਕ ਸੁਰੱਖਿਆ ਹਮੇਸ਼ਾ ਮੇਰੀ #1 ਤਰਜੀਹ ਰਹੇਗੀ। ਸਥਾਨਕ ਤੌਰ 'ਤੇ, ਸਾਡੇ ਕੋਲ ਪਹਿਲਾਂ ਨਾਲੋਂ ਜ਼ਿਆਦਾ ਪੁਲਿਸ ਗਸ਼ਤ 'ਤੇ ਹੈ ਅਤੇ ਅਸੀਂ ਸਿੱਖਿਆ, ਨੌਕਰੀਆਂ, ਸਿਹਤ ਸੰਭਾਲ, ਰਿਹਾਇਸ਼ ਅਤੇ ਆਵਾਜਾਈ ਤੱਕ ਪਹੁੰਚ ਰਾਹੀਂ ਅਪਰਾਧ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਲਈ ਟੀਚਾਬੱਧ ਨਿਵੇਸ਼ ਕਰ ਰਹੇ ਹਾਂ। | ਮੈਂ NYPD ਅਤੇ ਕਾਨੂੰਨ ਲਾਗੂ ਕਰਨ ਦਾ ਇੱਕ ਮਜ਼ਬੂਤ ਸਮਰਥਕ ਹਾਂ। ਅਪਰਾਧੀਆਂ ਨੂੰ ਆਪਣੇ ਕੰਮਾਂ ਦੇ ਨਤੀਜੇ ਭੁਗਤਣੇ ਚਾਹੀਦੇ ਹਨ। ਸਾਨੂੰ ਨੌਜਵਾਨਾਂ ਦੇ ਪ੍ਰੋਗਰਾਮਾਂ, ਕਿੱਤਾਮੁਖੀ ਸਿਖਲਾਈ ਅਤੇ ਕਰੀਅਰ ਕੋਚਿੰਗ ਲਈ ਫੰਡ ਦੇਣ ਦੀ ਲੋੜ ਹੈ। |
| **ਮਹਿੰਗਾਈ** | ਜਦਕਿ ਮਹਿੰਗਾਈ ਦੀ ਸਮੱਸਿਆ ਦਾ ਹੱਲ ਕਰਨਾ ਫੈਡਰਲ ਸਰਕਾਰ ਦਾ ਕੰਮ ਹੈ ਨਾ ਕਿ ਸਿਟੀ ਕਾਉਂਸਿਲ ਦਾ, ਅਸੀਂ ਕਾਰਪੋਰੇਟ ਦੇ ਲਾਲਚ ਨੂੰ ਕਾਬੂ ਕਰਕੇ, ਹੋਰ ਯੂਨੀਅਨ ਵਾਲੀਆਂ ਨੌਕਰੀਆਂ ਪੈਦਾ ਕਰਕੇ ਅਤੇ ਤਨਖਾਹਾਂ ਵਧਾ ਕੇ ਮਹਿੰਗਾਈ ਦਾ ਮੁਕਾਬਲਾ ਕਰ ਸਕਦੇ ਹਾਂ। ਕੰਮਕਾਜੀ ਪਰਿਵਾਰ ਨਿਚੋੜਿਆ ਗਿਆ ਮਹਿਸੂਸ ਕਰ ਰਹੇ ਹਨ ਜਦੋਂ ਕਿ ਅਰਬਪਤੀ ਅਮੀਰ ਹੋ ਜਾਂਦੇ ਹਨ ਅਤੇ ਕੋਈ ਟੈਕਸ ਨਹੀਂ ਦਿੰਦੇ ਹਨ। ਇਹ ਖਤਮ ਹੋਣਾ ਚਾਹੀਦਾ ਹੈ. | ਸਾਨੂੰ ਕੂੜੇ-ਕਚਰੇ, ਧੋਖਾਧੜੀ ਅਤੇ ਦੁਰਵਰਤੋਂ ਦਾ ਮੁਕਾਬਲਾ ਕਰਨ ਲਈ ਪੈਸੇ ਨੂੰ ਸਮਝਦਾਰੀ ਨਾਲ ਖ਼ਰਚ ਕਰਨਾ ਚਾਹੀਦਾ ਹੈ। ਸਾਨੂੰ ਬਹੁਤ ਜ਼ਿਆਦਾ ਉਪਯੋਗੀ ਲਾਗਤਾਂ, ਬੇਲੋੜੀ ਫੀਸਾਂ ਅਤੇ ਪ੍ਰਾਪਰਟੀ ਟੈਕਸਾਂ ਨੂੰ ਘਟਾਉਣ ਦੀ ਜ਼ਰੂਰਤ ਹੈ, ਜਿਸ ਨਾਲ ਛੋਟੇ ਕਾਰੋਬਾਰਾਂ ਲਈ ਸਫ਼ਲ ਹੋਣਾ ਆਸਾਨ ਹੋ ਜਾਵੇਗਾ। ਮੈਂ ਕੰਜੈਸ਼ਨ ਪ੍ਰਾਈਸਿੰਗ ਦੇ ਵਿਰੁੱਧ ਹਾਂ ਜੋ ਕੰਮ ਕਰਨ ਵਾਲੇ ਨਿਊ ਯਾਰਕ ਵਾਸੀਆਂ 'ਤੇ ਇਕ ਹੋਰ ਟੈਕਸ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਮੇਰਾ ਮੰਨਣਾ ਹੈ ਕਿ ਸਾਨੂੰ ਗਲਤ ਜਾਣਕਾਰੀ ਦੇ ਪ੍ਰਸਾਰ, ਸਾਡੀਆਂ ਸੁਤੰਤਰ ਸੰਸਥਾਵਾਂ ਦੇ ਰਾਜਨੀਤਿਕਕਰਨ, ਅਤੇ ਕੋਈ ਵੀ ਰੂਪ ਧਾਰਨ ਕਰਨ ਵਾਲੀਆਂ ਧੋਖੇਬਾਜ਼ ਲੋਕਤੰਤਰ ਵਿਰੋਧੀ ਚਾਲਾਂ ਦਾ ਮੁਕਾਬਲਾ ਕਰਕੇ ਆਪਣੇ ਲੋਕਤੰਤਰ 'ਤੇ ਤਾਨਾਸ਼ਾਹੀ ਹਮਲਿਆਂ ਨੂੰ ਰੋਕਣ ਲਈ ਆਪਣੀ ਸਮੂਹਿਕ ਸ਼ਕਤੀ ਨਾਲ ਜੋ ਸੰਭਵ ਹੈ ਉਹ ਸਭ ਕੁਝ ਕਰਨਾ ਚਾਹੀਦਾ ਹੈ। | ਸਾਨੂੰ ਵੋਟਰਾਂ ਦੀ ਧੋਖਾਧੜੀ ਨੂੰ ਰੋਕਣ, ਅਯੋਗ ਵੋਟਰਾਂ ਤੋਂ ਵੋਟਰ ਸੂਚੀਆਂ ਨੂੰ ਸਾਫ਼ ਕਰਨ, ਵੋਟਾਂ ਪੈਣ ਦੀ ਥਾਂ 'ਤੇ ਆਈਡੀ ਦੀ ਲੋੜ ਅਤੇ ਬਿਹਤਰ ਨਾਗਰਿਕ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। |

# ਉਮੀਦਵਾਰ ਦੀ ਤੁਲਨਾ ਕਰਨੀ

ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ **punjabi.nycvotes.org/compare** 'ਤੇ ਜਾਓ

# ਉਮੀਦਵਾਰ ਦੇ ਵੀਡੀਓ ਵੇਖੋ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

**ਸਕੈਨ ਕਰੋ ਜਾਂ**
**punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 48

**ਡੈਮੋਕ੍ਰੈਟਿਕ, ਵੀ ਦਿ ਪੀਪਲ**

- ਐਂਬਰ ਐਡਲਰ (Amber Adler)

**ਰਿਪਬਲਿਕਨ, ਕੰਜ਼ਰਵੇਟਿਵ**

- ਇਨਾ ਵਰਨੀਕੋਫ (Inna Vernikov)

**ਟੀਮ ਟ੍ਰੰਪ**

- ਇਗੋਰ ਕਜ਼ਾਸਕਰ (Igor Kazatsker)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਐਂਬਰ ਐਡਲਰ (Amber Adler)

ਡੈਮੋਕ੍ਰੈਟਿਕ, ਵੀ ਦਿ ਪੀਪਲ

**ਮੁੱਖ 3 ਮਸਲੇ:**

1. ਸਥਾਨਕ ਆਰਥਚਾਰਾ
2. ਜਨਤਕ ਸੁਰੱਖਿਆ
3. ਸਵੱਛਤਾ

*"ਐਂਬਰ (Amber) ਇੱਕ ਐਗਜ਼ੀਕਿਊਟਿਵ ਅਤੇ ਦੋ ਜਵਾਨ ਪੁੱਤਰਾਂ ਦੀ ਆੱਰਥੋਡੌਕਸ ਯਹੂਦੀ ਹਨ, ਜਿਹਨਾਂ ਨੇ ਪਰਿਵਾਰਕ ਸੇਵਾਵਾਂ, ਨਫ਼ਰਤੀ ਜੁਰਮਾਂ ਦਾ ਮੁਕਾਬਲਾ ਕਰਨ, ਖ਼ਾਸ ਜ਼ਰੂਰਤਾਂ ਵਾਲੇ ਬੱਚਿਆਂ, ਪੜ੍ਹਾਈ ਅਤੇ ਗ਼ਰੀਬੀ ਵਿੱਚ ਜ਼ਿੰਦਗੀ ਗੁਜ਼ਾਰ ਰਹੇ ਵੱਡੇ-ਬਜ਼ੁਰਗਾਂ ਲਈ ਲੱਖਾਂ ਡਾੱਲਰ ਦੇ ਸ੍ਰੋਤ ਇਕੱਠੇ ਕੀਤੇ ਹਨ ਅਤੇ ਵੰਡੇ ਹਨ। ਚੁਣੇ ਜਾਂਦਿਆਂ ਸਾਰ ਹੀ, ਐਂਬਰ (Amber) ਵਸਨੀਕਾਂ ਦੀ ਜ਼ਿੰਦਗੀ ਦੀ ਕੁਆਲਿਟੀ ਬਿਹਤਰ ਬਣਾਉਣਗੇ। ਉਹ ਸੁਰੱਖਿਆ ਵਧਾਉਣ, ਸੜਕਾਂ ਫਿਰ ਤੋਂ ਸਾਫ਼ ਰੱਖਣ, ਫੁਟਪਾਥ ਦੇ ਨੇੜੇ ਪਏ ਕੂੜੇ ਦੀ ਚੁਕਾਈ ਬਿਹਤਰ ਬਣਾਉਣ, ਸੀਨੀਅਰਾਂ ਦੀ ਮਦਦ ਕਰਨ, ਵਸਨੀਕਾਂ ਨੂੰ ਇਕਜੁੱਟ ਕਰਨ, ਨਫ਼ਰਤੀ ਜੁਰਮਾਂ ਦਾ ਮੁਕਾਬਲਾ ਕਰਨ ਅਤੇ ਡਿਸਟ੍ਰਿਕਟ ਲਈ ਰਕਮਾਂ ਵਧਾਉਣ ਦਾ ਕੰਮ। ਐਂਬਰ (Amber) ਨੇ ਸੰਜਮ ਨਾਲ ਰਹਿਣ ਅਤੇ ਮਾਲੀ ਤੌਰ 'ਤੇ ਜਵਾਬਦੇਹ ਪਾੱਲਿਸੀ ਬਣਾਉਣ ਦਾ ਸੰਕਲਪ ਲਿਆ ਹੈ।"*

**ਮੌਜੂਦਾ ਕੰਮ-ਧੰਦਾ:** ਐਗਜ਼ੀਕਿਊਟਿਵ

**ਪਿਛਲਾ ਕੰਮ-ਧੰਦਾ:** ਪ੍ਰੋਜੈਕਟ ਬਾਰੇ ਗੁਆਹ, ਆੱਟਿਜ਼ਮ ਰਿਸਰਚ ਅਤੇ ਐਜੂਕੇਸ਼ਨ ਲਈ ਇੰਟਰਨੈਸ਼ਨਲ ਸੈਂਟਰ

**ਸਿੱਖਿਆ:** BA, ਬਿਜ਼ਨਸ ਅਤੇ ਸੰਚਾਰ, ਓਹੀਓ ਯੂਨੀਵਰਸਿਟੀ।

**ਸੰਸਥਾਗਤ ਸਬੰਧ:** ਨੇਬਰਹੁਡ ਐਡਵਾਈਜ਼ਰੀ ਬੋਰਡ 15, ਕਾਉਂਟੀ ਕਮੇਟੀ ਮੈਂਬਰ ਦੇ ਚੇਅਰਪਰਸਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰਕ ਵਿਕਾਸ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਇਨਾ ਵਰਨੀਕੋਫ਼ (Inna Vernikov)

ਰਿਪਬਲਿਕਨ, ਕੰਜ਼ਰਵੇਟਿਵ

**ਮੁੱਖ 3 ਮਸਲੇ:**

1. ਅਪਰਾਧੀਆਂ ਨੂੰ ਬਚਾਉਣ ਤੋਂ ਪਹਿਲਾਂ ਨਾਗਰਿਕਾਂ ਦੀ ਰੱਖਿਆ ਕਰਨਾ
2. ਹਰ ਤਰ੍ਹਾਂ ਦੇ ਵਿਤਕਰੇ ਨਾਲ ਲੜਨਾ
3. ਛੋਟੇ ਕਾਰੋਬਾਰਾਂ ਦਾ ਸਮਰਥਨ ਕਰਨਾ

*"ਮੈਨੂੰ ਸਿਟੀ ਕੌਂਸਲ ਵਿੱਚ ਆਪਣੀ ਪਹਿਲੀ ਮਿਆਦ ਦੌਰਾਨ ਭਾਈਚਾਰੇ ਨੇ ਸਾਡੇ ਕਈ ਟੀਚੇ ਪੂਰੇ ਕਰਨ ਵਿੱਚ ਮਦਦ ਕਰਨ ਲਈ ਵੱਡੇ ਭਾਈਵਾਲ ਮਿਲਣ ਦਾ ਅਸ਼ੀਰਵਾਦ ਦਿੱਤਾ ਹੈ। ਮੈਂ ਫਿਰ ਤੋਂ ਚੁਣੇ ਜਾਣ ਲਈ ਚੋਣ ਲੜ ਰਹੀ, ਕਿਉਂਕਿ ਅਜੇ ਵੀ ਬਹੁਤ ਸਾਰੇ ਕੰਮ ਕਰਨ ਵਾਲੇ ਹਨ ਅਤੇ ਕਈ ਟੀਚੇ ਪੂਰੇ ਕਰਨੇ ਹਨ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ, ਘੱਟਗਿਣਤੀ ਵਿਪ

**ਪਿਛਲਾ ਕੰਮ-ਧੰਦਾ:** ਅਟਾੱਰਨੀ

**ਸਿੱਖਿਆ:** ਨੈਫ਼ੇਸ਼ ਅਕੈਡਮੀ, ਬਰੂਚ ਕਾੱਲਿਜ, ਜੂਰੀਜ਼ ਡਾੱਕਟ੍ਰੇਟ

**ਸੰਸਥਾਗਤ ਸਬੰਧ:** ਏਸ਼ੀਅਨ ਕਮਿਊਨਿਟੀ ਵਾੱਚ, ਅਮੇਰੀਕਨਸ ਅਗੇਂਸਟ ਐਂਟੀਸੈਮਿਟਿਜ਼ਮ, ਲਿਜਨ ਸੈਲਫ਼ ਡਿਫ਼ੈਂਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਸਿਟੀ ਕੌਂਸਲ ਮੈਂਬਰ ਅਤੇ ਘੱਟਗਿਣਤੀ ਵਿਪ; ਸਾਬਕਾ ਵਿਧਾਨਸਭਾ ਮੈਂਬਰ ਡੋਅ ਹਾਈਕਾਈਂਡ (Dov Hikind) ਲਈ ਸਪੈਸ਼ਲ ਅਸਿਸਟੈਂਟ; ਸਾਬਕਾ ਸਟੇਟ ਸੈਨੇਟਰ ਡੇਵਿਡ ਸਟੋਰੋਬਿਨ ਲਈ ਚੋਣ-ਪ੍ਰਚਾਰ ਬਾਰੇ ਸਹਾਇਕ ਮੈਨੇਜਰ; ਅਮੇਰੀਕਨਸ ਅਗੇਂਸਟ ਐਂਟੀ-ਸੈਮਿਟਿਜ਼ਮ ਲਈ ਔਰਤਾਂ ਦੀ ਕਮੇਟੀ ਦੇ ਚੇਅਰਪਰਸਨ; ਲਿਜਨ ਸੈਲਫ਼ ਡਿਫ਼ੈਂਸ ਦੇ ਚੇਅਰਪਰਸਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਇਗੋਰ ਕਜ਼ਾਸਕਰ (Igor Kazatsker)

ਟੀਮ ਟ੍ਰੰਪ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਦੀਆਂ ਭਾਵਨਾਵਾਂ ਵਿੱਚ ਸੁਧਾਰ ਕਰੋ
2. ਘੱਟ ਗੱਲਬਾਤ, ਵਧੇਰੇ ਸਾਫ਼ ਗਲੀਆਂ
3. 48 ਵਿੱਚ ਮਹਾਨ ਛੋਟੇ ਕਾਰੋਬਾਰ

*"'ਗੱਲ ਕਰਨ ਵਾਲੇ ਲੋਕਾਂ' ਨਾਲ ਬਾਹਰ, 'ਕੰਮ ਕਰਨ ਵਾਲੇ ਲੋਕਾਂ' ਨਾਲ ਅੰਦਰ।"*

**ਮੌਜੂਦਾ ਕੰਮ-ਧੰਦਾ:** ਰਸ਼ੀਅਨ ਪ੍ਰੋਮੋਸ਼ਨ ਕਾਰਪੋਰੇਸ਼ਨ, ਪ੍ਰੈਜ਼ੀਡੈਂਟ

**ਪਿਛਲਾ ਕੰਮ-ਧੰਦਾ:** ਇੰਜੀਨੀਅਰ; ਪੱਤਰਕਾਰ; ਕੇਸ ਮੈਨੇਜਰ; ਇਮੀਗ੍ਰੇਸ਼ਨ ਪੈਰਾਲੀਗਲ; ਰੀਕ੍ਰਿਏਸ਼ਨਲ ਥੈਰੇਪਿਸਟ

**ਸਿੱਖਿਆ:** ਮਕੈਨੀਕਲ ਇੰਜੀਨੀਅਰ; ਪੱਤਰਕਾਰ

**ਸੰਸਥਾਗਤ ਸਬੰਧ:** ਨਿਊਯਾੱਰਕ ਦਾ ਓਡੇਸਾ ਭਾਈਚਾਰਾ, ਪ੍ਰੈਜ਼ੀਡੈਂਟ; ਸਾਬਕਾ USSR ਤੋਂ ਯਹੂਦੀਆਂ ਦੀ ਅਮਰੀਕੀ ਐਸੋਸੀਏਸ਼ਨ, ਵਾਈਸ ਪ੍ਰੈਜ਼ੀਡੈਂਟ

**ਪਹਿਲਾਂ ਦਾ ਸਰਕਾਰੀ ਅਨੁਭਵ:** ਰੂਸੀ ਰੇਡੀਓ 'ਤੇ ਰੋਜ਼ਾਨਾ ਪ੍ਰੋਗਰਾਮ "ਨਿਊਯਾੱਰਕ ਸਿਟੀ ਨਿਊਜ਼" ਦੀ ਮੇਜ਼ਬਾਨ ਵਜੋਂ ਰੇਡੀਓ ਸ੍ਰੋਤਿਆਂ ਨਾਲ ਆਪਸੀ ਗੱਲਬਾਤ ਕਰਦੀ ਸੀ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਫ਼ੱਲੋ ਕਰੋ NYC Votes

ਸਾਰੀਆਂ ਹਾਲੀਆ ਚੋਣ ਅਪਡੇਟਸ ਲਈ,
ਤੁਸੀਂ NYC Votes ਫ਼ੱਲੋ ਕਰ ਸਕਦੇ ਹੋ

**@nycvotes**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਐਂਬਰ ਐਡਲਰ (Amber Adler)** ✓<br>ਡੈਮੋਕ੍ਰੈਟਿਕ, ਵੀ ਦਿ ਪੀਪਲ | **ਇਨਾ ਵਰਨੀਕੋਫ਼ (Inna Vernikov)** ✓<br>ਰਿਪਬਲਿਕਨ, ਕੰਜ਼ਰਵੇਟਿਵ |
|---|---|---|
| **ਅਪਰਾਧ** | ਸਾਨੂੰ ਅਪਰਾਧ ਨਾਲ ਲੜਨਾ ਚਾਹੀਦਾ ਹੈ ਅਤੇ ਇਸ ਨੂੰ ਰੋਕਣਾ ਚਾਹੀਦਾ ਹੈ। ਬਦਲਾਖੋਰੀ ਵਾਲੇ ਅਪਰਾਧੀਆਂ ਨੂੰ ਰੋਕਣ ਲਈ ਨੀਤੀ ਨੂੰ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਸਾਨੂੰ ਧੱਕੇਸ਼ਾਹੀ ਨੂੰ ਰੋਕਣ ਅਤੇ ਨਫ਼ਰਤ ਸਬੰਧੀ ਅਪਰਾਧਾਂ ਨੂੰ ਖਤਮ ਕਰਨ ਲਈ ਰੋਕਥਾਮਯੋਗ K-12 ਸਿੱਖਿਆ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। | ਸਾਨੂੰ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ, ਹਿੰਸਕ ਅਪਰਾਧੀਆਂ ਦੀ ਨਹੀਂ। ਜ਼ਮਾਨਤ-ਸੁਧਾਰ ਇੱਕ ਲਾਪਰਵਾਹੀ ਵਾਲੀ ਨੀਤੀ ਹੈ ਜੋ ਵਧੇਰੇ ਹਿੰਸਾ ਵੱਲ ਲੈ ਜਾਂਦੀ ਹੈ। ਮੈਂ ਦੂਸਰੀ ਸੰਭਾਵਨਾਵਾਂ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਉਹਨਾਂ ਪ੍ਰੋਗਰਾਮਾਂ ਦੀ ਪ੍ਰਸ਼ੰਸਾ ਕਰਦਾ ਹਾਂ ਜੋ ਪਹਿਲਾਂ ਕੈਦ ਕੀਤੇ ਗਏ ਲੋਕਾਂ ਨੂੰ ਸਮਾਜ ਵਿੱਚ ਦੁਬਾਰਾ ਜੋੜਦੇ ਹਨ ਪਰ ਅਸੀਂ ਸਿਰਫ ਨਤੀਜਿਆਂ ਨੂੰ ਛੱਡ ਨਹੀਂ ਸਕਦੇ। |
| **ਮਹਿੰਗਾਈ** | ਵਿੱਤੀ ਤੌਰ 'ਤੇ ਜ਼ਿੰਮੇਵਾਰ ਨੀਤੀ, ਬਜਟ ਨੂੰ ਕਮਜ਼ੋਰ ਰੱਖਣਾ ਅਤੇ ਵਿਸ਼ੇਸ਼ ਤੌਰ 'ਤੇ ਨਿਰਧਾਰਤ ਐਮਰਜੈਂਸੀ ਫੰਡ ਸਥਾਪਤ ਕਰਨਾ ਮਹਿੰਗਾਈ ਨਾਲ ਲੜਨ ਲਈ ਇੱਕ ਚੰਗੀ ਨੀਂਹ ਬਣਾਉਂਦਾ ਹੈ। | ਮਹਿੰਗਾਈ ਗੈਰ-ਜ਼ਿੰਮੇਵਾਰ ਨੀਤੀ ਫੈਸਲਿਆਂ ਦਾ ਅਨੁਮਾਨਤ ਨਤੀਜਾ ਹੈ: ਆਰਥਿਕਤਾ ਵਿੱਚ ਵਾਧੂ ਪੈਸਾ ਡੋਲ੍ਹਣਾ; ਛੋਟੇ ਕਾਰੋਬਾਰ ਨੂੰ ਸਕਵੈਜ਼ਿੰਗ; ਲਾਪਰਵਾਹੀ ਨਾਲ ਖਰਚੇ ਅਤੇ ਬੇਲਗਾਮ ਮਹਿੰਗਾਈ ਨੇ ਹੇਠਾਂ ਤੋਂ ਉੱਪਰ ਤੱਕ ਸਾਰਿਆਂ ਨੂੰ ਨੁਕਸਾਨ ਪਹੁੰਚਾਇਆ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਸਾਨੂੰ ਸਰਕਾਰ ਵਿੱਚ ਪਾਰਦਰਸ਼ਤਾ ਵਧਾ ਕੇ ਲੋਕਤੰਤਰ ਦੀ ਰੱਖਿਆ ਕਰਨੀ ਚਾਹੀਦੀ ਹੈ। ਸਾਨੂੰ ਸਿਆਸੀ ਅਦਾਇਗੀਆਂ ਨੂੰ ਰੋਕਣ ਲਈ ਖਾਮੀਆਂ ਨੂੰ ਵੀ ਬੰਦ ਕਰਨਾ ਚਾਹੀਦਾ ਹੈ ਅਤੇ ਜੁਰਮਾਨੇ ਵਧਾਉਣੇ ਚਾਹੀਦੇ ਹਨ। | ਮੈਂ ਕਮਿਊਨਿਜ਼ਮ ਤੋਂ ਬਚਣ ਅਤੇ ਅਮਰੀਕੀ ਸੁਪਨੇ ਵਿੱਚ ਹਿੱਸਾ ਲੈਣ ਲਈ ਸਾਬਕਾ ਸੋਵੀਅਤ ਯੂਨੀਅਨ ਤੋਂ NYC ਵਿੱਚ ਆਵਾਸ ਕੀਤਾ: ਸਖ਼ਤ ਮਿਹਨਤ ਕਰੋ, ਪੈਸਾ ਕਮਾਓ, ਅਤੇ ਖੁੱਲ੍ਹ ਕੇ ਜੀਓ। ਸਾਡੇ ਮੌਜੂਦਾ ਨੇਤਾ ਸਾਡੇ ਉਨ੍ਹਾਂ ਬੁਨਿਆਦੀ ਅਧਿਕਾਰਾਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਕਾਰਨ ਮੈਂ ਰਾਜਨੀਤੀ ਵਿਚ ਆਇਆ ਹਾਂ। |

## ਇਗੋਰ ਕਜ਼ਾਸਕਰ (Igor Kazatsker)

ਟੀਮ ਟ੍ਰੰਪ

ਇਹ ਮਹੱਤਵਪੂਰਨ ਹੈ ਕਿ ਹਰ ਨਿਊ ਯਾਰਕ ਵਾਸੀ ਹਰ ਜਗ੍ਹਾ ਸੁਰੱਖਿਅਤ ਮਹਿਸੂਸ ਕਰੇ - ਘਰ ਵਿੱਚ, ਸੜਕਾਂ 'ਤੇ, ਸਬਵੇਅ 'ਤੇ। ਸਾਨੂੰ ਲੋੜੀਂਦੇ ਪੁਲਿਸ ਅਧਿਕਾਰੀਆਂ ਦੁਆਰਾ ਗਸ਼ਤ ਕਰਨ ਦੀ ਲੋੜ ਹੈ। ਸਾਨੂੰ ਸਮਾਜ ਵਿੱਚ ਹਰ ਥਾਂ ਇੱਕ ਸਮਾਨ ਦੇਖਣ ਦੀ ਲੋੜ ਹੈ ਅਤੇ ਸਾਨੂੰ ਅਪਰਾਧੀਆਂ ਨੂੰ ਜੇਲ੍ਹ ਵਿੱਚ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸ਼ਹਿਰ ਦੀ ਆਰਥਿਕਤਾ 'ਤੇ ਮਹਿੰਗਾਈ ਦੇ ਪ੍ਰਭਾਵ ਨੂੰ ਦੇਖਦੇ ਹੋਏ ਕੌਂਸਲ ਟੈਕਸਾਂ, ਫੀਸਾਂ ਅਤੇ ਜੁਰਮਾਨਿਆਂ ਨੂੰ ਘਟਾ ਕੇ ਅਤੇ ਨੌਕਰਸ਼ਾਹੀ ਨੂੰ ਘਟਾ ਕੇ ਔਸਤ ਨਿਊਯਾਰਕ ਦੇ ਬਚਾਅ ਲਈ ਆ ਸਕਦੀ ਹੈ। ਇਸ ਤਰ੍ਹਾਂ, ਕੌਂਸਲ ਵਧੇਰੇ ਕੁਸ਼ਲ, ਵਧੇਰੇ ਕਿਫ਼ਾਇਤੀ ਲੋੜੀਂਦੀਆਂ ਸਰਕਾਰੀ ਸੇਵਾਵਾਂ ਨੂੰ ਸੁਰੱਖਿਅਤ ਕਰ ਸਕਦੀ ਹੈ।

ਅਮਰੀਕਾ ਦਾ ਸ਼ਾਨਦਾਰ ਜੀਵਨ ਢੰਗ ਲੋਕਤੰਤਰ ਦੀ ਬੁਨਿਆਦ ਨਾਲ ਜੁੜਿਆ ਹੋਇਆ ਹੈ। ਕੌਂਸਲ ਨੂੰ ਉਨ੍ਹਾਂ ਆਜ਼ਾਦੀਆਂ 'ਤੇ ਕਦੇ ਵੀ ਕਬਜ਼ਾ ਨਹੀਂ ਕਰਨਾ ਚਾਹੀਦਾ ਜੋ ਸਾਡੇ ਲੋਕਤੰਤਰ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਸ ਨੂੰ ਇਹ ਯਕੀਨੀ ਬਣਾਉਣ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਕਿ ਨਿਊ ਯਾਰਕ ਵਾਸੀ ਆਪਣੀ ਜ਼ਿੰਦਗੀ ਉਸ ਤਰੀਕੇ ਨਾਲ ਜਿਉਣ ਜਿਵੇਂ ਸਾਡਾ ਸੰਵਿਧਾਨ ਗਾਰੰਟੀ ਦਿੰਦਾ ਹੈ।

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਪਤਝੜ 2023 ਤਜਵੀਜ਼ਾਂ ਵਾਲੀ ਵੋਟ-ਪਰਚੀ


### ਤਜਵੀਜ਼ਾਂ ਵਾਲੀ ਵੋਟ ਪਰਚੀ ਕੀ ਹੈ?

**ਇਸ ਚੋਣ ਵਿਚਲੀਆਂ ਤਜਵੀਜ਼ਾਂ ਸਟੇਟ ਦੇ ਸੰਵਿਧਾਨ ਵਿੱਚ ਤਰਮੀਮਾਂ ਕਰਨ ਲਈ ਹਨ। ਇਸ ਪਤਝੜ ਨੂੰ ਵੋਟ-ਪਰਚੀ 'ਤੇ ਦੋ ਰਾਜਵਿਆਪੀ ਤਜਵੀਜ਼ਾਂ ਹਨ।**

**ਇਹਨਾਂ ਵਿੱਚੋਂ ਹਰ ਇੱਕ ਤਜਵੀਜ਼ 'ਤੇ ਤੁਸੀਂ "ਹਾਂ" ਜਾਂ "ਨਹੀਂ" ਲਈ ਵੋਟ ਪਾ ਸਕਦੇ ਹੋ। ਬਹੁਮਤ ਮਿਲਣ 'ਤੇ ਵੋਟ-ਪਰਚੀ ਦੀਆਂ ਤਜਵੀਜ਼ਾਂ ਨੂੰ ਮੰਜ਼ੂਰੀ ਮਿਲ ਜਾਂਦੀ ਹੈ।**

### ਇਹ ਤਜਵੀਜ਼ਾਂ ਵੋਟ-ਪਰਚੀ 'ਤੇ ਕਿਉਂ ਹਨ?

ਨਿਊਯਾੱਰਕ ਰਾਜ ਵਿਧਾਨਮੰਡਲ ਨਿਊਯਾੱਰਕ ਦੇ ਵਸਨੀਕਾਂ ਵਲੋਂ ਵੋਟ ਪਾਉਣ ਵਾਸਤੇ ਰਾਜਵਿਆਪੀ ਵੋਟ-ਪਰਚੀ ਬਾਰੇ ਕਾਰਵਾਈਆਂ ਤਜਵੀਜ਼ ਕਰਦਾ ਹੈ ਅਤੇ ਉਸ ਨੂੰ ਪਾਸ ਕਰਦਾ ਹੈ।



# ਤਜਵੀਜ਼ਾਂ ਵਾਲੀ ਵੋਟ-ਪਰਚੀ 1
# ਸਮਾਲ ਸਿਟੀ ਸਕੂਲ ਡਿਸਟ੍ਰਿਕਟ ਨੂੰ ਕਰਜ਼ੇ ਦੀ ਖ਼ਾਸ ਸੰਵਿਧਾਨਕ ਬੰਦਿਸ਼ ਤੋਂ ਹਟਾਉਣਾ

## ਤੁਹਾਨੂੰ ਵੋਟ-ਪਰਚੀ 'ਤੇ ਕੀ ਨਜ਼ਰ ਆਏਗਾ

ਸੰਵਿਧਾਨ ਦੇ ਆਰਟੀਕਲ 8, ਸੈਕਸ਼ਨ 4 ਵਿੱਚ ਤਜਵੀਜ਼ਸ਼ੁਦਾ ਤਰਮੀਮ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ 'ਤੇ ਲਾਈ ਗਈ ਕਰਜ਼ੇ ਦੀ ਖ਼ਾਸ ਸੰਵਿਧਾਨਕ ਬੰਦਿਸ਼ ਹਟਾਉਂਦੀ ਹੈ, ਇਸ ਲਈ ਉਹਨਾਂ ਦੇ ਨਾਲ ਹੀ ਹੋਰ ਸਾਰੀਆਂ ਸਕੂਲ ਡਿਸਟ੍ਰਿਕਟ ਨਾਲ ਇੱਕੋ ਜਿਹਾ ਵਿਹਾਰ ਕੀਤਾ ਜਾਏਗਾ। ਕੀ ਤਜਵੀਜ਼ਸ਼ੁਦਾ ਤਰਮੀਮ ਨੂੰ ਮੰਜ਼ੂਰੀ ਦਿੱਤੀ ਜਾਏਗੀ?

### ਤਜਵੀਜ਼ ਦਾ ਸਾਰ:

ਇਹ ਸੰਵਿਧਾਨਕ ਤਰਮੀਮ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ ਲਈ ਕਰਜ਼ੇ ਦੀ ਖ਼ਾਸ ਬੰਦਿਸ਼ ਨੂੰ ਹਟਾਉਂਦੀ ਹੈ। ਸਾਰੀਆਂ ਸਕੂਲ ਡਿਸਟ੍ਰਿਕਟ ਲਈ ਸਟੇਟ ਦੇ ਕਾਨੂੰਨ ਵਿੱਚ ਕਰਜ਼ੇ ਦੀ ਬੰਦਿਸ਼ ਤਿਆਰ ਕੀਤੀ ਜਾਏਗੀ।

ਛੋਟੇ ਸ਼ਹਿਰ ਦੀ ਸਕੂਲ ਡਿਸਟ੍ਰਿਕਟ ਉਹ ਹੁੰਦੀ ਹੈ, ਜਿਸ ਵਿੱਚ ਛੋਟੇ ਸ਼ਹਿਰ ਦਾ ਕੁਝ ਹਿੱਸਾ ਸ਼ਾਮਿਲ ਹੁੰਦਾ ਹੈ। ਛੋਟਾ ਸ਼ਹਿਰ ਇੱਕ ਅਜਿਹਾ ਸ਼ਹਿਰ ਹੈ, ਜਿਸ ਵਿੱਚ ਇੱਕ ਲੱਖ ਪੱਚੀ ਹਜ਼ਾਰ ਤੋਂ ਘੱਟ ਲੋਕ ਹੁੰਦੇ ਹਨ।

ਸਟੇਟ ਦਾ ਸੰਵਿਧਾਨ ਇਹ ਬੰਦਿਸ਼ ਲਾਉਂਦਾ ਹੈ ਕਿ ਇੱਕ ਛੋਟੇ ਸ਼ਹਿਰ ਦੀ ਸਕੂਲ ਡਿਸਟ੍ਰਿਕਟ ਕਿੰਨਾ ਕਰਜ਼ਾ ਲੈ ਸਕਦੀ ਹੈ। ਉਹਨਾਂ ਸਕੂਲਾਂ ਦਾ ਕਰਜ਼ਾ ਡਿਸਟ੍ਰਿਕਟ ਵਿੱਚ ਟੈਕਸ ਵਾਲੀ ਰੀਅਲ ਐਸਟੇਟ ਦੇ ਮੁੱਲ ਦੇ ਪੰਜ ਫ਼ੀਸਦ ਤੋਂ ਵੱਧ ਨਹੀਂ ਹੋ ਸਕਦਾ। ਕੁਝ ਖ਼ਰਚਿਆਂ ਲਈ ਛੋਟ ਦਿੱਤੀ ਗਈ ਹੈ। ਹੋਰ ਸਕੂਲ ਡਿਸਟ੍ਰਿਕਟ ਸੰਵਿਧਾਨਕ ਕਰਜ਼ੇ ਦੀ ਬੰਦਿਸ਼ ਹੇਠ ਨਹੀਂ ਹਨ, ਪਰ ਸਟੇਟ ਦੇ ਕਾਨੂੰਨ ਵਲੋਂ ਦਿੱਤੀ ਗਈ ਕਰਜ਼ੇ ਦੀ ਇੱਕ ਅਲੱਗ ਸੀਮਾ ਹੈ। ਸਟੇਟ ਦਾ ਕਾਨੂੰਨ ਕਹਿੰਦਾ ਹੈ ਕਿ ਉਹਨਾਂ ਦਾ ਕਰਜ਼ਾ ਟੈਕਸ ਵਾਲੀ ਅਸਲ ਸੰਪਤੀ ਦੇ ਮੁੱਲ ਦੇ ਦੱਸ ਫ਼ੀਸਦ ਤੋਂ ਵੱਧ ਨਹੀਂ ਹੋ ਸਕਦਾ। ਜੇ ਇਹ ਸੰਵਿਧਾਨਕ ਤਰਮੀਮ ਪਾਸ ਹੋ ਜਾਂਦੀ ਹੈ, ਤਾਂ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ ਵਿਧਾਨਕਾਰੀ ਕਾਰਵਾਈ ਰਾਹੀਂ ਪਾਸ ਕੀਤੇ ਗਏ ਕਾਨੂੰਨ ਨਾਲ ਹੋਰਨਾਂ ਸਕੂਲ ਡਿਸਟ੍ਰਿਕਟ ਵਾਂਗ ਹੀ ਕਰਜ਼ੇ ਦੀ ਸੀਮਾ ਦੇ ਯੋਗ ਹੋਣਗੀਆਂ।

### ਜੇ ਇਹ ਤਜਵੀਜ਼ ਪਾਸ ਹੁੰਦੀ ਹੈ:

ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ, ਹੋਰਨਾਂ ਸਕੂਲ ਡਿਸਟ੍ਰਿਕਟ ਵਾਂਗ ਕਾਨੂੰਨ ਰਾਹੀਂ ਪਾਸ ਕੀਤੀ ਗਈ ਇੱਕੋ ਜਿਹੀ ਸੀਮਾ ਦੇ ਯੋਗ ਹੋਣਗੀਆਂ।

# ਤਜਵੀਜ਼ਾਂ ਵਾਲੀ ਵੋਟ-ਪਰਚੀ 2
# ਸੀਵੇਜ ਦੇ ਪ੍ਰੋਜੈਕਟ ਬਾਰੇ ਕਰਜ਼ੇ ਨੂੰ ਕਰਜ਼ੇ ਦੀ ਸੀਮਾ ਤੋਂ ਬਾਹਰ ਕਰਨਾ

## ਤੁਹਾਨੂੰ ਵੋਟ-ਪਰਚੀ 'ਤੇ ਕੀ ਨਜ਼ਰ ਆਏਗਾ

ਸੰਵਿਧਾਨ ਦੇ ਆਰਟੀਕਲ 8, ਸੈਕਸ਼ਨ 5 ਵਿੱਚ ਤਜਵੀਜ਼ਸ਼ੁਦਾ ਤਰਮੀਮ ਕਾਉਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚਲੀਆਂ ਸੀਵੇਜ ਦੀਆਂ ਸਹੂਲਤਾਂ ਦੀ ਉਸਾਰੀ ਕਰਨ ਲਈ ਆਪਣੀ ਸੰਵਿਧਾਨਕ ਕਰਜ਼ੇ ਦੀ ਸੀਮਾ ਤੋਂ ਕਰਜ਼ਾ ਹਟਾਉਣ ਦਾ ਅਖ਼ਤਿਆਰ ਦੱਸ ਸਾਲ ਲਈ ਵਧਾਉਂਦੀ ਹੈ। ਕੀ ਤਜਵੀਜ਼ਸ਼ੁਦਾ ਤਰਮੀਮ ਨੂੰ ਮੰਜ਼ੂਰੀ ਦਿੱਤੀ ਜਾਏਗੀ?

## ਤਜਵੀਜ਼ ਦਾ ਸਾਰ:

ਸੰਵਿਧਾਨ ਕਾਉਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਲੋਂ ਲਏ ਜਾਣ ਵਾਲੇ ਕਰਜ਼ੇ ਨੂੰ ਸੀਮਤ ਕਰਦਾ ਹੈ। ਕਰਜ਼ੇ ਦੀ ਇਸ ਸੀਮਾ ਵਿੱਚ ਸੀਵੇਜ ਦਾ ਟ੍ਰੀਟਮੈਂਟ ਅਤੇ ਨਿਪਟਾਰੇ ਲਈ ਉਸਾਰੀ ਦੇ ਪ੍ਰੋਜੈਕਟਾਂ ਲਈ ਕਰਜ਼ਾ ਸ਼ਾਮਿਲ ਨਹੀਂ ਹੈ। ਸੀਵਰ ਦੇ ਕਰਜ਼ੇ ਬਾਰੇ ਛੋਟ 1 ਜਨਵਰੀ, 2024 ਨੂੰ ਖ਼ਤਮ ਹੋ ਰਹੀ ਹੈ। ਇਹ ਤਰਮੀਮ ਸੀਵਰ ਦੇ ਕਰਜ਼ੇ ਬਾਰੇ ਛੋਟ ਨੂੰ 1 ਜਨਵਰੀ, 2034 ਤੱਕ ਦੱਸ ਸਾਲ ਲਈ ਵਧਾਉਂਦੀ ਹੈ।

ਤਜਵੀਜ਼ਸ਼ੁਦਾ ਤਰਮੀਮ ਸੰਵਿਧਾਨ ਦੇ ਆਰਟੀਕਲ 8 ਦੇ ਸੈਕਸ਼ਨ 5 ਵਿੱਚ ਤਬਦੀਲੀ ਕਰਕੇ ਇੰਜ ਕਰਦੀ ਹੈ।

## ਜੇ ਇਹ ਤਜਵੀਜ਼ ਪਾਸ ਹੁੰਦੀ ਹੈ:

ਸੰਵਿਧਾਨ ਵਲੋਂ ਕਾਉਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਨੂੰ ਕਰਜ਼ੇ ਦੀ ਰਕਮ ਤੋਂ ਸੀਵੇਜ ਦਾ ਟ੍ਰੀਟਮੈਂਟ ਕਰਨ ਅਤੇ ਨਿਪਟਾਰੇ ਦੀਆਂ ਲਾਗਤਾਂ ਨੂੰ ਵਖਰਿਆਉਣ ਦਾ ਕੰਮ ਅਗਲੇ 10 ਸਾਲ ਤੱਕ ਜਾਰੀ ਰਹੇਗਾ।

# NYC Votes ਬਾਰੇ

**ਇੱਕ ਸੁਤੰਤਰ ਸਿਟੀ ਏਜੰਸੀ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਹੈ, ਦੀ ਇੱਕ ਪਹਿਲ NYC Votes ਹੈ, ਜੋ ਸਥਾਨਕ ਚੋਣਾਂ ਨੂੰ ਨਿਰਪੱਖ, ਸਮੁੱਚੇ ਅਤੇ ਸਪਸ਼ਟ ਤਰੀਕੇ ਨਾਲ ਕਰਾਉਣ ਨੂੰ ਯਕੀਨੀ ਬਣਾਉਂਦੀ ਹੈ।**

ਅਸੀਂ ਵੋਟਰਾਂ ਅਤੇ ਉਮੀਦਵਾਰਾਂ ਵਿਚਕਾਰ ਇੱਕੋ ਜਿਹੀ ਭਾਈਵਾਲੀ ਨੂੰ ਉਤਸਾਹ ਦਿੰਦੇ ਹਾਂ, ਤਾਂਜੋ ਸਾਡੇ ਚੁਣੇ ਗਏ ਅਧਿਕਾਰੀ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਹੱਲ ਕਰਨ ਅਤੇ ਵੋਟਰਾਂ ਦੇ ਮਸਲੇ ਸੁਲਝਾਉਣ।

ਇੰਜ ਅਸੀਂ ਨਿਊ ਯਾਰਕ ਦੇ ਵਸਨੀਕਾਂ, ਜਿਹਨਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੀ ਹੈ, ਨੂੰ ਮਜ਼ਬੂਤ ਕਰਨ ਲਈ ਕਰਦੇ ਹਾਂ, ਦਫ਼ਤਰ ਲਈ ਚੋਣ ਲੜਣ ਦੇ ਅੜਿੱਕਿਆਂ ਨੂੰ ਘੱਟ ਕਰਦੇ ਹਾਂ ਅਤੇ ਆਪਣੇ ਚੋਣ-ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹੱਲ ਕੱਢਣ ਦੀ ਪੇਸ਼ਕਸ਼ ਕਰਦੇ ਹਾਂ। NYC Votes ਸ਼ਹਿਰ ਭਰ ਵਿਚਲੇ ਵੋਟਰਾਂ ਨੂੰ ਰਜਿਸਟਰ ਕਰਨ, ਸਿੱਖਿਅਤ ਕਰਨ ਅਤੇ ਸ਼ਾਮਿਲ ਕਰਨ ਲਈ ਭਾਈਚਾਰਕ ਸੰਸਥਾਵਾਂ, ਵਾੱਲੰਟੀਅਰਾਂ ਅਤੇ ਸ਼ਹਿਰ ਦੀਆਂ ਹੋਰਨਾਂ ਏਜੰਸੀਆਂ ਨਾਲ ਭਾਈਵਾਲੀ ਕਰਦੀ ਹੈ। ਸਾਡਾ ਉਦੇਸ, ਸਾਡੀਆਂ ਚੋਣਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਉਹ ਅਹਿਮ ਕਿਉਂ ਹਨ, ਇਸ ਬਾਰੇ ਦਿਆਨਤਦਾਰੀ ਨਾਲ ਵਿਚਾਰ-ਵਟਾਂਦਰਾ ਕਰਕੇ ਨਿਊ ਯਾਰਕ ਦੇ ਸਾਰੇ ਵਸਨੀਕਾਂ ਵਿਚਕਾਰ ਚੋਣ ਅਮਲ ਦੀ ਵੱਡੀ ਸਮਝ ਬਣਾਉਣੀ ਹੈ।

1988 ਵਿੱਚ ਸਥਾਪਿਤ ਕੀਤੀ ਗਈ ਏਜੰਸੀ, ਨਿਊਯਾਰਕ ਦੇ ਵਸਨੀਕਾਂ ਨੂੰ ਉਹਨਾਂ ਦੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਚੋਣ-ਪ੍ਰਚਾਰਾਂ ਲਈ ਰਕਮਾਂ ਕਿਵੇਂ ਮਿਲਦੀਆਂ ਹਨ, ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਸਾਡਾ ਮੈਚਿੰਗ ਫੰਡ ਪ੍ਰੋਗਰਾਮ ਸ਼ਹਿਰ ਦੀ ਫ਼ੰਡਿੰਗ ਦੇ $8 ਤੱਕ ਸਥਾਨਕ ਡੋਨਰ ਦੇ ਹਰ $1 ਨਾਲ ਮੇਲ ਖਾਂਦਾ ਹੈ, ਜਿਸ ਨਾਲ ਸ਼ਹਿਰ ਦੇ ਉਮੀਦਵਾਰਾਂ ਨੂੰ ਖ਼ਾਸ ਹਿੱਤਾਂ ਦੀ ਥਾਂ ਆਪਣੇ ਭਾਈਚਾਰਿਆਂ 'ਤੇ ਧਿਆਨ ਲਾਉਣ ਲਈ ਪ੍ਰੇਰਿਆ ਜਾਂਦਾ ਹੈ।

## ਮੈਚਿੰਗ ਫ਼ੰਡ ਪ੍ਰੋਗਰਾਮ

**ਸ਼ਹਿਰ ਦੇ ਉਮੀਦਵਾਰਾਂ ਲਈ ਤੁਹਾਡੇ ਯੋਗਦਾਨ ਦੀ ਅਹਿਮੀਅਤ ਉਸ ਸਮੇਂ ਵਧ ਜਾਂਦੀ ਹੈ, ਜਦੋਂ ਤੁਸੀਂ ਸ਼ਹਿਰ ਦੇ ਮੈਚਿੰਗ ਫ਼ੰਡਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਦੀ ਹਿਮਾਇਤ ਕਰਦੇ ਹੋ। ਹਿੱਸਾ ਲੈ ਰਹੇ ਉਮੀਦਵਾਰਾਂ ਲਈ ਸ਼ਹਿਰ ਦੇ ਵਸਨੀਕਾਂ ਤੋਂ ਮਿਲਣ ਵਾਲੇ ਦਾਨ ਦੀ ਮੈਚਿੰਗ $8-ਤੋਂ-$1 ਤੱਕ ਕੀਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ $10 ਦਿੰਦੇ ਹੋ, ਤਾਂ ਉਮੀਦਵਾਰ ਨੂੰ $90 ਮਿਲਦੇ ਹਨ।**

ਇਹ ਪ੍ਰੋਗਰਾਮ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਚੋਣ-ਪ੍ਰਚਾਰ ਲਈ ਰਕਮਾਂ, ਖ਼ਾਸ ਹਿੱਤਾਂ ਦੀ ਬਜਾਇ ਨਿਊ ਯਾਰਕ ਦੇ ਵਸਨੀਕਾਂ ਵਲੋਂ ਦਿੱਤੀ ਜਾਣ ਵਾਲੀ ਡਾੱਲਰ ਦੀ ਮਾਮੂਲੀ ਰਕਮ ਨਾਲ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸਦਾ ਮਤਲਬ ਇਹ ਵੀ ਹੈ ਕਿ ਜਿਹੜੇ ਉਮੀਦਵਾਰ ਅਮੀਰ ਨਹੀਂ ਹਨ, ਪਰ ਭਾਈਚਾਰੇ ਵਿੱਚ ਉਹਨਾਂ ਦੀ ਮਜ਼ਬੂਤ ਹਿਮਾਇਤ ਹੋਣ ਕਰਕੇ ਉਹ ਹੋਰ ਵੰਨ-ਸੁਵੰਨੀ ਅਤੇ ਨੁਮਾਇੰਦਾ ਸਰਕਾਰ ਬਣਾਉਣ ਲਈ ਚੋਣ ਲੜ ਸਕਦੇ ਹਨ। ਨਿਊ ਯਾਰਕ ਦੀ 2021 ਦੀ ਚੋਣ ਵਿੱਚ 83% ਤੋਂ ਵੱਧ ਸਥਾਨਕ ਉਮੀਦਵਾਰਾਂ ਨੇ ਦੱਸਿਆ ਹੈ ਕਿ ਦਫ਼ਤਰ ਲਈ ਚੋਣ ਲੜਣ ਵਾਸਤੇ ਉਹਨਾਂ ਦੀ ਸਮਰੱਥਾ ਲਈ ਮੈਚਿੰਗ ਫ਼ੰਡਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

**contribute.nycvotes.org 'ਤੇ ਯੋਗਦਾਨ ਪਾਓ**

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ

### ਆਮ ਚੋਣਾਂ ਕੀ ਹਨ?

ਆਮ ਚੋਣ ਵਿੱਚ, ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਚੁਣਿਆ ਗਿਆ ਅਹੁਦਾ ਜਿੱਤਣ ਲਈ ਮੁਕਾਬਲਾ ਕਰਦੇ ਹਨ। ਤੁਸੀਂ ਵੋਟ-ਪਰਚੀ 'ਤੇ ਹਰ ਇੱਕ ਦਫ਼ਤਰ ਲਈ ਕਿਸੇ ਵੀ ਪਾਰਟੀ ਲਾਈਨ 'ਤੇ ਚੋਣ ਲੜ ਰਹੇ ਕਿਸੇ ਵੀ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਤੁਸੀਂ ਤਜਵੀਜ਼ਾਂ ਵਾਲੀ ਵੋਟ ਪਰਚੀ 'ਤੇ ਵੀ "ਹਾਂ ਜਾਂ ਨਹੀਂ" ਵਿੱਚ ਵੋਟ ਪਾ ਸਕਦੇ ਹੋ। ਅੰਤਮ-ਤਾਰੀਖ਼ ਤੱਕ ਸਾਰੇ ਰਜਿਸਟਰਡ ਵੋਟਰ ਆਮ ਚੋਣਾਂ ਵਿੱਚ ਵੋਟ ਪਾਉਣ ਦੇ ਹੱਕਦਾਰ ਹਨ।

### ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ, ਦਾ ਕਿਵੇਂ ਪਤਾ ਲਾ ਸਕਦਾ ਹਾਂ?

**voterlookup.elections.ny.gov** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ (Board of Elections) ਨੂੰ ਕਾੱਲ ਕਰੋ।

### ਕੀ ਹੁੰਦਾ ਹੈ, ਜੇ ਮੈਂ ਆਖ਼ਰੀ ਵਾਰੀ ਵੋਟ ਪਾਉਣ ਤੋਂ ਬਾਅਦ ਨਿਊਯਾਰਕ ਸਿਟੀ ਦੇ ਅੰਦਰ ਕਿਤੇ ਚਲਾ ਗਿਆ ਸੀ?

ਜਦੋਂ ਤੁਸੀਂ ਜਾਂਦੇ ਹੋ, ਤਾਂ ਤੁਹਾਨੂੰ ਨਵਾਂ ਵੋਟਰ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਕੇ ਚੋਣ ਬੋਰਡ (Board of Elections) ਕੋਲ ਆਪਣਾ ਪਤਾ ਬਦਲਵਾਉਣਾ ਚਾਹੀਦਾ ਹੈ। ਤੁਹਾਡਾ ਬਦਲਿਆ ਹੋਇਆ ਪਤਾ 23 ਅਕਤੂਬਰ ਤੱਕ ਚੋਣ ਬੋਰਡ (Board of Elections) ਨੂੰ ਜ਼ਰੂਰ ਮਿਲ ਜਾਣਾ ਚਾਹੀਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਇਹ ਪਤਾ ਲਾਉਣ ਵਾਸਤੇ ਕਿ ਕੀ ਤੁਹਾਡੇ ਪਤੇ ਵਿੱਚ ਤਬਦੀਲੀ ਕਰਨ ਬਾਰੇ ਕਾਰਵਾਈ ਹੋ ਰਹੀ ਹੈ,ਲਈ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ। ਜੇ ਤੁਹਾਡਾ ਪਤਾ ਅਜੇ ਤੱਕ ਅਪਡੇਟ ਨਹੀਂ ਹੋਇਆ, ਤਾਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਇੱਕ ਹਲਫ਼ਨਾਮੇ ਵਾਲੀ ਵੋਟ-ਪਰਚੀ ਲਈ ਬੇਨਤੀ ਕਰਕੇ ਤੁਹਾਡੇ ਨਵੇਂ ਪਤੇ ਲਈ ਮਿੱਥੀ ਗਈ ਵੋਟਾਂ ਪੈਣ ਦੀ ਥਾਂ 'ਤੇ ਵੋਟ ਪਾ ਸਕਦੇ ਹੋ।

## ਡਾਕ ਰਾਹੀਂ ਵੋਟ

### ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਦੇ ਢੁਕਵੇਂ ਕਾਰਣ ਕਿਹੜੇ ਹਨ?

ਜੇ ਤੁਸੀਂ ਚੋਣ ਦਿਹਾੜਾ ਨਿਊਯਾੱਰਕ ਸਿਟੀ ਤੋਂ ਦੂਰ ਹੋ, ਕੋਈ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤੁਸੀਂ ਉਹਨਾਂ ਲੋਕਾਂ ਲਈ ਮੁੱਖ ਦੇਖਭਾਲ ਪ੍ਰੋਵਾਈਡਰ ਹੋ, ਜੋ ਸਰੀਰਕ ਤੌਰ 'ਤੇ ਅਸਮਰੱਥ (ਅਪਾਹਜ), ਵੈਟਰਨਸ ਹੈਲਥ ਐਡਮਿਨਿਸਟ੍ਰੇਸ਼ਨ ਹਸਪਤਾਲ ਦੇ ਵਸਨੀਕ ਜਾਂ ਮਰੀਜ ਹਨ, ਜਾਂ ਜੇ ਤੁਸੀਂ ਕੈਦ ਵਿੱਚ ਹੋ (ਗੁੰਡਾਗਰਦੀ ਦੀ ਸਜ਼ਾ ਤੋਂ ਛੁੱਟ ਕਿਸੇ ਹੋਰ ਕਾਰਣ ਕਰਕੇ) ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ। ਤੁਸੀਂ ਆਪਣੀ ਗੈਰਹਾਜ਼ਰ ਬੈਲਟ ਵਾਲੇ ਬੇਨਤੀ ਫ਼ਾਰਮ 'ਤੇ ਆਪਣਾ ਕਾਰਣ ਲਿਖ ਸਕਦੇ ਹੋ।

### ਕੀ ਮੈਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਕੇ ਅਜੇ ਵੀ ਆਪ ਜਾਕੇ ਵੋਟ ਪਾਉਣ ਦੇ ਯੋਗ ਹਾਂ

ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕੀਤੀ ਹੈ, ਤਾਂ ਫਿਰ ਤੁਹਾਨੂੰ ਇਸ ਨਾਲ ਵੋਟ ਪਾਉਣ ਦਾ ਪਲਾਨ ਬਣਾਉਣਾ ਚਾਹੀਦਾ ਹੈ। ਚੋਣ ਸ਼ੁਰੂ ਹੋਣ ਦੇ ਸਮੇਂ, ਤੁਸੀਂ ਵੋਟਿੰਗ ਹੋਣ ਵਾਲੀ ਕਿਸੇ ਵੀ ਥਾਂ 'ਤੇ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ। ਇਹ ਵੋਟ-ਪਰਚੀ ਵੱਖਰੀ ਨਜ਼ਰ ਆਏਗੀ। ਜੇ ਤੁਹਾਨੂੰ ਇਸਦੀ ਲੋੜ ਹੈ, ਤਾਂ ਮਦਦ ਲਈ ਪੋਲ ਵਰਕਰ ਨੂੰ ਕਹੋ।

### ਕੀ ਮੈਨੂੰ ਡਾਕ ਟਿਕਟਾਂ ਲਾਉਣ ਦੀ ਲੋੜ ਹੈ, ਜੇ ਮੈਂ ਆਪਣੀ ਵੋਟ-ਪਰਚੀ ਡਾਕ ਰਾਹੀਂ ਭੇਜਦਾ ਹਾਂ?

ਨਹੀਂ, ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ। ਹਾਲਾਂਕਿ, ਜਿੰਨੀ ਛੇਤੀ ਸੰਭਵ ਹੋਵੇ, ਆਪਣੀ ਵੋਟ-ਪਰਚੀ ਵਾਪਸ ਡਾਕ ਰਾਹੀਂ ਭੇਜਣੀ ਯਕੀਨੀ ਬਣਾਓ। ਵੈਧ ਹੋਣ ਲਈ ਇਸ ਨੂੰ ਚੋਣ ਦਿਹਾੜਾ ਤੱਕ ਪੋਸਟਮਾਰਕ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ 14 ਨਵੰਬਰ ਤੱਕ ਕਾਉਂਟੀ ਬੋਰਡ ਕੋਲ ਜ਼ਰੂਰ ਪਹੁੰਚ ਜਾਣਾ ਚਾਹੀਦਾ ਹੈ।

### ਕੀ ਮੈਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਗੈਰਹਾਜ਼ਰ ਬੈਲਟ ਪਾ ਸਕਦਾ/ਸਕਦੀ ਹਾਂ?

ਹਾਂ! ਤੁਸੀਂ ਕਿਸੇ ਵੀ NYC ਦੀ ਵੋਟਾਂ ਪੈਣ ਦੀ ਥਾਂ 'ਤੇ ਜਾਂ ਚੋਣ ਬੋਰਡ ਦੇ ਦਫ਼ਤਰ ਵਿੱਚ ਆਪਣੀ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਮੂਹਰਲੇ ਡੈਸਕ 'ਤੇ ਵੋਟ-ਪਰਚੀਆਂ ਵਾਲਾ ਡੱਬਾ ਮਿਲਣਗੇ। ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ।

### ਕੀ ਮੈਂ ਆਪਣੀ ਵੋਟ-ਪਰਚੀ ਵਾਪਸ ਕਰਨ ਤੋਂ ਬਾਅਦ ਇਸਦਾ ਟ੍ਰੈਕ ਕਰ ਸਕਦਾ ਹਾਂ?

ਹਾਂ! **nycabsentee.com/tracking** 'ਤੇ ਜਾਓ।

### ਕੀ ਹੁੰਦਾ ਹੈ, ਜੇ ਮੇਰੀ ਗੈਰਹਾਜ਼ਰ ਬੈਲਟ ਨਾਲ ਕੋਈ ਮਸਲਾ ਹੈ? ਕੀ ਮੈਨੂੰ ਇਸ ਨੂੰ ਦਰੁਸਤ ਕਰਨ ਦਾ ਮੌਕਾ ਮਿਲੇਗਾ?

ਜੇ ਤੁਹਾਡੀ ਵੋਟ-ਪਰਚੀ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਾ ਕਰਨ ਜਾਂ ਗ਼ਲਤ ਦਸਤਖ਼ਤ ਕਰਨ ਵਰਗੀ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਤੁਹਾਨੂੰ ਕਾਨੂੰਨ ਦੀ ਲੋੜ ਅਨੁਸਾਰ ਇਸ ਬਾਰੇ ਚੋਣ ਬੋਰਡ ਨੂੰ ਦੱਸਣਾ ਪੈਣਾ ਹੈ। ਜੇ ਤੁਹਾਡੀ ਵੋਟ-ਪਰਚੀ 'ਤੇ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਦਫ਼ਤਰ ਇਸ ਗ਼ਲਤੀ ਦਾ ਪਤਾ ਲੱਗਣ ਦੇ 1 ਦਿਨ ਦੇ ਅੰਦਰ ਡਾਕ, ਈਮੇਲ ਜਾਂ ਫੋਨ (ਜੇ ਉਪਲਬਧ ਹੈ) ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ। ਫਿਰ, ਦਸਤਖ਼ਤਸ਼ੁਦਾ ਪੁਸ਼ਟੀ ਵਾਪਸ ਕਰਕੇ ਉਸ ਗ਼ਲਤੀ ਨੂੰ ਠੀਕ ਕਰਨ ਲਈ ਤੁਹਾਡੇ ਕੋਲ ਦਫ਼ਤਰੀ ਕੰਮਕਾਜ ਦੇ 7 ਦਿਨ ਤੱਕ ਹੋਣਗੇ।

# ਹੋਰ ਸੁਆਲ ਹਨ?

punjabi.nycvotes.org/faqs 'ਤੇ ਜਾਓ!

ਤੁਸੀਂ ਸਾਨੂੰ nycvotes@nyccfb.info 'ਤੇ ਵੀ ਈਮੇਲ ਕਰ ਸਕਦੇ ਹੋ ਜਾਂ Instagram, Twitter, Facebook ਜਾਂ Reddit (@nycvotes) 'ਤੇ ਮੈਸੇਜ ਕਰ ਸਕਦੇ ਹੋ।

## ਚੋਣ ਬੋਰਡ ਦੇ ਨਾਲ ਆਪਣੀ ਜਾਣਕਾਰੀ ਅਪਡੇਟ ਕਰੋ

ਸਾਨੂੰ ਤੁਹਾਡਾ ਨਾਂ ਅਤੇ ਪਤਾ ਨਿਊਯਾਰਕ ਸ਼ਹਿਰ ਚੋਣ ਬੋਰਡ ਵਲੋਂ ਪ੍ਰਬੰਧ ਕੀਤੀ ਗਈ ਰਜਿਸਟਰਡ ਵੋਟਰਾਂ ਦੀ ਸੂਚੀ ਤੋਂ ਮਿਲ ਗਿਆ ਹੈ।

ਜੇ ਤੁਹਾਨੂੰ ਮੇਲ ਰਾਹੀਂ ਵੋਟ ਮਿਲਦੀ ਹੈ, ਪਰ ਤੁਸੀਂ ਉਸ ਪਤੇ 'ਤੇ ਨਹੀਂ ਰਹਿੰਦੇ ਜਾਂ ਪਿਛਲਾ ਵਸਨੀਕ ਚਲਾ ਗਿਆ ਹੈ ਜਾਂ ਉਸਦੀ ਮੌਤ ਹੋ ਗਈ ਹੈ, ਤਾਂ ਚੋਣ ਬੋਰਡ ਨੂੰ ਦੱਸੋ, ਤਾਂਜੋ ਉਹ ਆਪਣੇ ਰਿਕਾੱਰਡ ਦਰੁਸਤ ਕਰ ਸਕਣ।

## ਵੋਟਰ ਗਾਈਡ ਬਾਰੇ

NYC VOTES

ਕਾਨੂੰਨ ਅਨੁਸਾਰ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਨੂੰ ਸ਼ਹਿਰ ਦੀਆਂ ਚੋਣਾਂ ਲਈ ਨਿਊਯਾੱਰਕ ਸਿਟੀ ਵਿੱਚ ਰਜਿਸਟਰਡ ਵੋਟਰ ਵਾਲੇ ਹਰ ਇੱਕ ਘਰ ਵਿੱਚ ਇੱਕ ਵੋਟਰ ਗਾਈਡ ਜ਼ਰੂਰ ਭੇਜਣੀ ਚਾਹੀਦੀ ਹੈ। ਅਸੀਂ ਹਰ ਰਜਿਸਟਰਡ ਵੋਟਰ ਲਈ ਇਹ ਗਾਈਡ ਅੰਗ੍ਰੇਜ਼ੀ ਅਤੇ ਸਪੈਨਿਸ਼ ਅਤੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਅਧਾਰ 'ਤੇ ਮਿੱਥੇ ਹੋਏ ਇਲਾਕਿਆਂ ਵਿਚਲੇ ਵੋਟਰਾਂ ਨੂੰ ਅਰਬੀ, ਬੰਗਾਲੀ, ਚੀਨੀ, ਫ੍ਰੈਂਚ, ਹੈਤੀਅਨ ਕ੍ਰਿਓਲ, ਹਿੰਦੀ, ਕੋਰੀਅਨ, ਪੌਲਿਸ਼, ਪੰਜਾਬੀ, ਰੂਸੀ ਅਤੇ ਉਰਦੂ ਵਿੱਚ ਭੇਜਦੇ ਹਾਂ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਇੱਕ ਅਪਡੇਟ ਸੂਚੀ ਲਈ, **nycvotes.org/pa** 'ਤੇ ਔਨਲਾਈਨ ਗਾਈਡ 'ਤੇ ਜਾਓ।

ਨਿਊਯਾੱਰਕ ਸਿਟੀ 2023 ਦੀਆਂ ਆਮ ਚੋਣਾਂ ਬਾਰੇ ਵੋਟਰ ਗਾਈਡ। ਕਾੱਪੀਰਾਈਟ © 2023 ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਨਿਊਯਾਰਕ ਸਾਰੇ ਹੱਕ ਰਾਖਵੇਂ ਹਨ। ਬੈੱਲਵੈਦਰ ਏਜੰਸੀ ਵਲੋਂ ਡਿਜ਼ਾਈਨ। ਅਮਰੀਕਾ ਵਿੱਚ ਤਿਆਰ ਕੀਤੀ ਗਈ ਹੈ

## ਚੋਣ ਬੋਰਡ ਨਾਲ ਸੰਪਰਕ ਕਰੋ

ਚੋਣ ਬੋਰਡ ਸਾਡੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ ਅਤੇ ਰਜਿਸਟਰਡ ਵੋਟਰਾਂ ਦੇ ਡਾਟਾਬੇਸ ਦੀ ਸਾਂਭ-ਸੰਭਾਲ, ਵੋਟਾਂ ਪੈਣ ਵਾਲੀਆਂ ਥਾਵਾਂ ਦੀ ਨਿਗਰਾਨੀ, ਵੋਟ-ਪਰਚੀਆਂ ਦੀ ਗਿਣਤੀ ਅਤੇ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ। ਤੁਸੀਂ ਚੋਣ ਬੋਰਡ ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ, ਗੈਰਹਾਜ਼ਰ ਬੈਲਟ ਲਈ ਅਪਲਾਈ ਕਰ ਸਕਦੇ ਹੋ, ਪੋਲ ਵਰਕਰ ਜਾਂ ਭਾਸ਼ਾ ਬਾਰੇ ਦੁਭਾਸੀਆ ਲਈ ਅਪਲਾਈ ਅਤੇ ਹੋਰ ਬਹੁਤ ਕੁਝ ਕਰ ਸਕਦੇ ਹੋ।

### ਕੰਮ-ਕਾਜ ਦਾ ਆਮ ਸਮਾਂ

ਸਵੇਰੇ 9:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਚੋਣ-ਦਿਵਸ 'ਤੇ ਅਤੇ ਉਸਤੋਂ ਪਹਿਲਾਂ ਪੈਣ ਵਾਲੇ ਵੀਕਐਂਡ ਦੌਰਾਨ। ਕੰਮ-ਕਾਜ ਦੇ ਸਮਿਆਂ ਲਈ **vote.nyc** 'ਤੇ ਪਤਾ ਲਾਓ।

**866-VOTE-NYC** (TTY **212-487-5496** ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ)

**ਹੋਰ ਜਾਣਨ ਲਈ vote.nyc 'ਤੇ ਜਾਓ**

| | ਪਤਾ | ਫੋਨ ਨੰਬਰ |
|---|---|---|
| **ਆਮ ਦਫ਼ਤਰ** | 32-42 Broadway, 7th Floor<br>New York, NY 10004 | 212-487-5400 |
| **ਬ੍ਰੌਂਕਸ** | 1780 Grand Concourse, 5th Floor<br>Bronx, NY 10457 | 718-299-9017 |
| **ਬਰੁਕਲਿਨ** | 345 Adams Street, 4th Floor<br>Brooklyn, NY 11201 | 718-797-8800 |
| **ਮੈਨਹੱਟਨ** | 200 Varick Street, 10th Floor<br>New York, NY 10014 | 212-886-2100 |
| **ਕੁਈਨਸ** | 118-35 Queens Boulevard, 11th Floor<br>Forest Hills, NY 11375 | 718-730-6730 |
| **ਸਟੇਟਨ ਆਈਲੈਂਡ** | 1 Edgewater Plaza, 4th Floor<br>Staten Island, NY 10305 | 718-876-0079 |